# ਕੈਨੇਡਾ ਦਰਪਣ

ਮਈ 30, 1986

**May 30, 1986**

ਸੰਪਾਦਕ: ਦਰਸ਼ਨ ਗਿੱਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਸਪਤਾਹਿਕ

Second Class Mail Reg. No. 5991

# ਕੈਨੇਡਾ ਦਰਪਣ

The Canada Darpan — Punjabi Weekly Newspaper

Weekending MAY 30, 1986 Vol. 5 No. 21 Price 35¢ Out of Greater Vancouver 50¢ Ph. (604)581-4473

ਅੰਦਰ ਪੜ੍ਹੋ —


- 'ਖਾਲਿਸਤਾਨ' ਦਾ ਅਲਾਨ ਤੇ ਉਸ ਤੋਂ ਪਿਛੋਂ — ਪਿਆਰਾ ਸਿੰਘ ਭੋਗਲ
- ਲੋਕਾਂ ਦੀਆਂ ਅੱਖਾਂ ਵਿਚ 'ਖਾਲਿਸਤਾਨੀ ਘੱਟਾ' — ਹਰਦੇਵ ਸਿੰਘ (ਇੰਗਲੈਂਡ)
- ਐਡਾ ਸਾਡਾ ਕਿਹੜਾ ਦਰਦੀ — (ਦਿੱਲੀਨਾਮਾ) —ਗਿਆਨ ਸਿੰਘ ਸੰਧੂ
- ਆਤੰਕਵਾਦ ਦੀ ਅਸਲੀਅਤ — ਚਰਨਪਾਲ ਗਿੱਲ
- ਬਰਨਾਲਾ ਸਰਕਾਰ ਲਈ ਹੋਰ ਸੰਕਟ — ਬਰਜਿੰਦਰ ਸਿੰਘ
- 'ਇੰਡੀਆ ਨੀਊਜ਼' ਕਦੋਂ ਠੀਕ ਰਾਹ ਤੇ ਆਵੇਗਾ? —'ਸੂਫੀ' ਅਮਰਜੀਤ
- ਬੇਰੁਜ਼ਗਾਰੀ ਭੱਤਾ ਤੇ ਫੈਡਰਲ ਸਰਕਾਰ — ਸੰਪਾਦਕੀ
- 'ਸਮੇਂ ਦੀ ਆਵਾਜ਼' — ਨਵਾਂ ਤੇ ਵੱਖਰਾ ਰੇਡੀਓ ਪ੍ਰੋਗਰਾਮ


## ਪੁਲੀਸ ਐਕਸ਼ਨ ਲਈ ਸਿੰਘ ਸਾਹਿਬਾਨਾਂ ਨੇ

# ਬਰਨਾਲਾ ਨੂੰ 'ਤਨਖਾਹੀਆ' ਕਰਾਰ ਦਿਤਾ

## ਜੋੜੇ ਝਾੜਨ ਦੀ ਸਜ਼ਾ ਦਿਤੀ ਗਈ - ਦੂਜਿਆਂ ਦੀ ਵਾਰੀ ਛੇਤੀ

ਅੰਮ੍ਰਿਤਸਰ — ਸ਼ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਪੰਜਾਬ ਦੇ ਮੁੱਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਨੂੰ ਸਿੰਘ ਸਾਹਿਬਾਨਾਂ ਨੇ 'ਤਨਖਾਹੀਆ' ਕਰਾਰ ਦਿੰਦਿਆਂ 'ਸਜ਼ਾ' ਦਿਤੀ ਹੈ ਕਿ ਉਹ ਸੱਤ ਦਿਨ ਸੰਗਤਾਂ ਦੇ ਜੋੜੇ ਝਾੜਨ ਦੀ ਸੇਵਾ ਕਰਨ ਅਤੇ 500 ਰੁਪਏ ਦੀ ਦੇਗ ਕਰਵਾਉਣ। ਇਹ 'ਸਜ਼ਾ' ਉਨ੍ਹਾਂ ਨੂੰ ਮੁੱਖ ਮੰਤਰੀ ਵਜੋਂ ਹਰਿਮੰਦਰ ਕੰਪਲੈਕਸ ਵਿਚ ਪੁਲੀਸ ਅਤੇ ਨੀਮ-ਫੌਜੀ ਦਸਤੇ ਭੇਜਣ ਕਾਰਨ ਦਿਤੀ ਗਈ ਹੈ।

ਸ: ਬਰਨਾਲਾ ਨੇ ਸਿੰਘ ਸਾਹਿਬਾਨਾਂ ਦਾ ਹੁਕਮ ਮੰਨਦਿਆਂ ਜੋੜੇ ਝਾੜਨ ਦੀ ਸੇਵਾ ਸ੍ਰੀ ਕੇਸਗੜ੍ਹ ਤਖਤ ਅਨੰਦਪੁਰ ਸਾਹਿਬ ਵਿਖੇ ਸ਼ੁਰੂ ਕਰ ਦਿਤੀ ਹੋਈ ਹੈ। ਸਿੱਖ ਇਤਿਹਾਸ ਵਿਚ ਅਜਿਹੀਆਂ ਸਜ਼ਾਵਾਂ ਪਹਿਲਾਂ ਵੀ ਅਕਾਲੀ ਨੇਤਾਵਾਂ ਅਤੇ ਇਥੋਂ ਤੱਕ ਕਿ ਮਹਾਰਾਜਾ ਰਣਜੀਤ ਸਿੰਘ ਨੂੰ ਵੀ ਦਿਤੀ ਜਾ ਚੁਕੀ ਹੈ। ਮਾਸਟਰ ਤਾਰਾ ਸਿੰਘ, ਸੰਤ ਫਤਹ ਸਿੰਘ ਅਤੇ ਜਗਦੇਵ ਸਿੰਘ ਤਲਵੰਡੀ ਵੀ ਅਜਿਹੀ ਸਜ਼ਾ ਪਾ ਚੁਕੇ ਹਨ।

ਸ: ਬਰਨਾਲਾ ਨੇ ਸਿੰਘ ਸਾਹਿਬਾਨ ਦੇ ਅੱਗੇ ਸਿਰ ਝੁਕਾਉਂਦਿਆਂ ਪੁਲੀਸ ਐਕਸ਼ਨ ਲਈ ਮੁਆਫ਼ੀ ਮੰਗੀ ਹੈ। ਪਰ ਰਾਜਸੀ ਸੂਤਰਾਂ ਦਾ ਕਹਿਣਾ ਹੈ ਕਿ ਅਜਿਹਾ ਐਕਸ਼ਨ ਪ੍ਰਕਾਸ਼ ਸਿੰਘ ਬਾਦਲ ਅਤੇ ਗੁਰਚਰਨ ਸਿੰਘ ਟੌਹੜਾ ਉਤੇ ਵੀ ਲਏ ਜਾਣ ਦੀ ਸੰਭਾਵਨਾ ਹੈ।

## ਅਮਰਿੰਦਰ, ਸੁਖਜਿੰਦਰ ਤੇ ਛੋਟੇਪੁਰ ਅਕਾਲੀ ਦਲ ਵਿਚੋਂ ਕੱਢ ਦਿਤੇ ਗਏ

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸ: ਬਰਨਾਲਾ ਨੇ ਸਾਬਕਾ ਖੇਤੀਬਾੜੀ ਮੰਤਰੀ ਅਮਰਿੰਦਰ ਸਿੰਘ, ਸਾਬਕਾ ਵਿਦਿਆ ਮੰਤਰੀ ਸੁਖਜਿੰਦਰ ਸਿੰਘ ਤੇ ਸੁੱਚਾ ਸਿੰਘ ਛੋਟੇਪੁਰ ਨੂੰ ਸ਼੍ਰੋਮਣੀ ਅਕਾਲੀ ਦਲ ਵਿਰੁੱਧ ਸਰਗਰਮੀਆਂ ਕਰਨ ਉਤੇ ਪਾਰਟੀ ਵਿਚੋਂ ਛੇ ਛੇ ਸਾਲ ਲਈ ਕੱਢ ਦਿਤਾ ਹੈ। ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਇਨ੍ਹਾਂ ਤਿੰਨਾਂ ਨੂੰ ਪਾਰਟੀ ਵਿਚੋਂ ਕੱਢ ਦਿਤੇ ਜਾਣ ਦੇ ਫੈਸਲੇ ਦੀ ਪੁਸ਼ਟੀ ਵੀ ਕਰ ਦਿਤੀ ਹੈ। ਸ: ਬਰਨਾਲਾ ਅਨੁਸਾਰ ਟੌਹੜੇ ਅਤੇ ਬਾਦਲ . ਵਿਰੁੱਧ ਅਜਿਹਾ ਐਕਸ਼ਨ ਇਸ ਲਈ ਨਹੀਂ ਲਿਆ ਗਿਆ ਕਿਉਂਕਿ ਉਨ੍ਹਾਂ ਦੇ ਅਸਤੀਫੇ ਅਜੇ ਤੱਕ ਵੀ ਉਨ੍ਹਾਂ ਨੂੰ ਨਹੀਂ ਮਿਲੇ। ਚਾਰ ਪਾਰਲੀਮੈਂਟ ਦੇ ਮੈਂਬਰਾਂ ਨੇ ਵੀ ਅਜੇ ਆਪਣੇ ਅਹੁਦਿਆਂ ਤੋਂ ਅਸਤੀਫੇ ਨਹੀਂ ਦਿਤੇ। ਕੇਵਲ ਅਸਤੀਫਿਆਂ ਦੇ ਐਲਾਨ ਹੀ ਕੀਤੇ ਹਨ।



## ਰਵੀਇੰਦਰ ਸਿੰਘ ਦੇ ਪੱਤੇ 2 ਜੂਨ ਨੂੰ ਕੱਟੇ ਜਾਣਗੇ

ਇਥੋਂ ਦੇ ਹਲਕਿਆਂ ਦਾ ਕਹਿਣਾ ਹੈ ਕਿ 27 ਵਿਧਾਇਕਾਂ ਦੇ ਵੱਖਰੇ ਧੜੇ ਨੂੰ ਮਾਨਤਾ ਦੇਣ ਵਜੋਂ ਸਪੀਕਰ ਰਵੀਇੰਦਰ ਸਿੰਘ ਨੂੰ 2 ਜੂਨ ਨੂੰ ਅਸੈਂਬਲੀ ਦੇ ਸੈਸ਼ਨ ਸਮੇਂ ਸਪੀਕਰ ਦੇ ਅਹੁਦੇ ਤੋਂ ਲਾਹ ਦਿਤਾ ਜਾਵੇਗਾ ਅਤੇ ਉਸ ਦੀ ਥਾਂ ਨਵਾਂ ਸਪੀਕਰ ਚੁਣਿਆ ਜਾਵੇਗਾ। ਕਾਂਗਰਸੀ ਨੇਤਾ ਬੇਅੰਤ ਸਿੰਘ ਨੇ ਕਿਹਾ ਕਿ ਰਜਵਾੜਿਆਂ ਤੇ ਜਾਗੀਰਦਾਰਾਂ ਦਾ ਧੜਾ ਸ਼ਰੋਮਣੀ ਅਕਾਲੀ ਦਲ ਦੀ ਸਿਆਸਤ ਉਤੇ ਹੁਣ ਤੱਕ ਭਾਰੂ ਰਿਹਾ ਹੈ ਪਰ ਬਰਨਾਲਾ ਦੇ ਇਨ੍ਹਾਂ ਵਿਰੁੱਧ ਲਏ ਸਟੈਂਡ ਦਾ ਕਾਂਗਰਸ ਸਮਰਥਨ ਕਰੇਗੀ ਕਿਉਂਕਿ ਅਮਰਿੰਦਰ ਸਿੰਘ ਕਾਂਗਰਸ ਨਾਲ ਪਹਿਲਾਂ 'ਦਗਾ' ਕਰ ਚੁੱਕਾ ਹੈ ਅਤੇ ਹੁਣ ਅਕਾਲੀ ਦਲ ਨਾਲ ਵੀ 'ਧ੍ਰੋਹ' ਕਮਾ ਰਿਹਾ ਹੈ। ਅਮਰਿੰਦਰ ਸਿੰਘ ਧੜਾ ਕਾਂਗਰਸੀ ਜਾਗੀਰਦਾਰੀ ਧੜੇ ਦੀ ਪ੍ਰਤੀਨਿਧ ਗੁਰਬਿੰਦਰ ਕੌਰ ਬਰਾੜ ਉਤੇ ਟੇਕ ਰੱਖ ਰਿਹਾ ਦੱਸਿਆ ਗਿਆ ਹੈ।

## ਰੀਫੀਊਜ਼ੀਆਂ ਨੂੰ ਇਮੀਗਰੇਸ਼ਨ ਦੇਣ ਦਾ ਫੈਸਲਾ — 21,500 ਰੀਫੀਊਜੀਆਂ ਨੂੰ ਲਾਭ ਪੁਜੇਗਾ

ਅਟਵਾ — ਕੈਨੇਡਾ ਸਰਕਾਰ ਨੇ ਫੈਸਲਾ ਕਰ ਲਿਆ ਹੈ ਕਿ ਚਾਹੇ ਕੋਈ ਅਸਲ ਰੀਫੀਊਜੀ ਹੈ ਜਾਂ ਨਕਲੀ, ਜਿਨ੍ਹਾਂ ਨੇ ਕੈਨੇਡਾ ਵਿਚ ਰੀਫੀਊਜੀ ਕਲੇਮ ਕੀਤਾ ਹੋਇਆ ਹੈ, ਉਨ੍ਹਾਂ ਨੂੰ ਪੱਕੇ ਤੌਰ ਉਤੇ ਰਹਿਣ ਦੀ ਇਜਾਜ਼ਤ ਦਿਤੀ ਜਾਵੇਗੀ। ਇਸ ਨਾਲ 21,500 ਵਿਅਕਤੀਆਂ ਨੂੰ ਇਹ ਮੌਕਾ ਮਿਲ ਸਕੇਗਾ ਕਿ ਉਹ ਪੱਕੇ ਤੌਰ ਉਤੇ ਕੈਨੇਡਾ ਵਿਚ ਰਹਿ ਸਕਣ।

ਟੋਰੀ ਸਰਕਾਰ ਪਿਛਲੇ ਡੇਢ ਸਾਲ ਤੋਂ ਕਹਿੰਦੀ ਆ ਰਹੀ ਸੀ ਕਿ 'ਨਕਲੀ' ਰੀਫੀਊਜ਼ੀ ਵਾਪਸ ਭੇਜੇ ਜਾਣਗੇ ਪਰ ਆਮ ਲੋਕਾਂ ਵਿਚ ਚਰਚਾ ਸੀ ਕਿ ਅਜਿਹਾ ਕਦਮ ਸਰਕਾਰ ਨਹੀਂ ਲਵੇਗੀ।

15 ਜੁਲਾਈ ਤੋਂ ਰੀਫੀਊਜ਼ੀਆਂ ਦੇ ਕੇਸਾਂ ਦੀ ਸੁਣਵਾਈ ਸ਼ੁਰੂ ਹੋਵੇਗੀ ਤੇ ਇਹ ਸਾਰਾ ਕੰਮ ਦੋ ਸਾਲ ਦੇ ਅੰਦਰ ਮੁਕੰਮਲ ਕੀਤਾ ਜਾਵੇਗਾ। ਇਨ੍ਹਾਂ ਵਿਚੋਂ ਬਹੁਤੇ ਸ੍ਰੀ ਲੰਕਾ, ਈਰਾਨ, ਅਫਗਾਨਿਸਤਾਨ, ਪੁਰਤਗਾਲ, ਜਮੇਕਾ, ਭਾਰਤ, ਬੰਗਲਾ ਦੇਸ਼, ਅਮਰੀਕਾ, ਯੂਨਾਨ ਅਤੇ ਇੰਗਲੈਂਡ ਵਿਚੋਂ ਆਏ ਵਿਅਕਤੀ ਹਨ।

2800 ਭਾਰਤੀਆਂ ਵਲੋਂ ਵੀ ਰੀਫੀਊਜ਼ੀ ਕਲੇਮ ਕੀਤੇ ਹੋਏ ਹਨ ਅਤੇ ਉਨ੍ਹਾਂ ਸਾਰਿਆਂ ਨੂੰ ਵੀ ਪੱਕੇ ਤੌਰ ਉਤੇ ਰਹਿਣ ਦੀ ਇਜ਼ਾਜਤ ਹੋਵੇਗੀ।

## ਛਪਦੇ .... ਛਪਦੇ .......

## ਸਮਝੌਤੇ ਦੇ ਯਤਨ ਸ.ਫਲ

ਪਤਾ ਲੱਗਾ ਹੈ ਕਿ ਅਕਾਲੀਆਂ ਦੇ ਦੋਵਾਂ ਧੜਿਆਂ ਵਿਚ ਸਮਝੌਤਾ ਹੋ ਗਿਆ ਹੈ। ਰਵੀਇੰਦਰ ਸਿੰਘ ਸਪੀਕਰ ਬਣੇ ਰਹਿਣਗੇ। ਬਰਨਾਲਾ ਦੀ ਪੁਜ਼ੀਸ਼ਨ ਹੋਰ ਮਜ਼ਬੂਤ ਹੋ ਗਈ ਹੈ।


PURI INSURANCE AGENCIES

4543 Kingsway (Near Willingdon Ave.) Burnaby

Ph. (604)430-5533

ਜੋ ਵੀ ਪੁਰੀ ਇਨਸ਼ੋਰੈਂਸ ਤੋਂ ਘਰਾਂ ਦੀ ਇਨਸ਼ੋਰੈਂਸ ਕਰਵਾਏਗਾ ਉਸਨੂੰ ਸਪੈਸ਼ਲ ਗਿਫਟ ਦਿੱਤਾ ਜਾਵੇਗਾ

BEST RATES FOR HOME & COMMERCIAL INSURANCE — JANITORIAL BONDS AVAILABLE

ਇਨਸ਼ੋਰੈਂਸ ਲਈ ਅਸੀਂ ਵੀਜ਼ਾ ਤੇ ਮਾਸਟਰ ਕਾਰਡ ਵੀ ਲੈਂਦੇ ਹਾਂ

AUTOPLAN 86 RENEWALS

ਆਪਣੀਆਂ ਟੇਪਾਂ ਤੇ ਕਲੰਡਰ ਲੈਣਾ ਨਾ ਭੁੱਲਣਾ



ਗੁਰਬੀਰ ਸਿੰਘ ਪੁਰੀ



ਅਮਰਜੀਤ ਕੌਰ ਪੁਰੀ

# ਨਸਲਵਾਦੀ ਦੱਖਣੀ ਅਫ਼ਰੀਕਾ ਦੀ ਸਰਕਾਰ ਵੱਲੋਂ ਤਿੰਨ ਅਫ਼ਰੀਕਨ ਦੇਸ਼ਾਂ ਉਤੇ ਹਮਲਾ

ਜੋਹੰਸਬਰਗ — ਦੱਖਣੀ ਅਫਰੀਕਾ ਦੀ ਨਸਲਵਾਦੀ ਸਰਕਾਰ ਨੇ ਤਿੰਨ ਦੇਸ਼ਾਂ ਜ਼ਾਂਬੀਆ, ਜ਼ਿੰਮਮਾਬੇ ਤੇ ਬੋਤਸਵਨਾ ਉਤੇ ਹਮਲਾ ਕਰਕੇ ਆਬਾਦੀ ਵਾਲੇ ਇਲਾਕਿਆਂ ਨੂੰ ਨੁਕਸਾਨ ਪਹੁੰਚਾਇਆ ਹੈ। ਇਹ ਹਮਲਾ ਅਫਰੀਕਨ ਨੈਸ਼ਨਲ ਕਾਂਗਰਸ ਦੇ ਗੁਰੀਲਿਆਂ ਵਿਰੁੱਧ ਕੀਤਾ ਗਿਆ ਦੱਸਿਆ ਗਿਆ ਹੈ ਪਰ ਅਸਲ ਵਿਚ ਇਨ੍ਹਾਂ ਤਿੰਨਾਂ ਅਫਰੀਕਨ ਦੇਸ਼ਾਂ ਨੂੰ ਵਾਰਨਿੰਗ ਦਿਤੀ ਗਈ ਹੈ ਕਿ ਉਹ ਨਸਲਵਾਦੀ ਸਰਕਾਰ ਦਾ ਵਿਰੋਧ ਨਾ ਕਰਨ।

ਇਸ ਹਮਲੇ ਵਿਚ ਕਾਫੀ ਜਾਨੀ ਤੇ ਮਾਲੀ ਨੁਕਸਾਨ ਹੋਇਆ ਦੱਸਿਆ ਗਿਆ ਹੈ। ਅਮਰੀਕਾ, ਕੈਨੇਡਾ ਅਤੇ ਦੁਨੀਆਂ ਦੇ ਲਗਪਗ ਸਾਰੇ ਦੇਸ਼ਾਂ ਨੇ ਇਸ ਹਮਲਿਆਂ ਦੀ ਨਿੰਦਾ ਕਰਦਿਆਂ ਕਿਹਾ ਹੈ ਕਿ ਦੱਖਣੀ ਅਫਰੀਕਾ ਦੀ ਸਰਕਾਰ ਵਿਰੁੱਧ ਸਖਤ ਐਕਸ਼ਨ ਲਿਆ ਜਾਣਾ ਹੁਣ ਜ਼ਰੂਰੀ ਹੋ ਗਿਆ ਹੈ।

ਜਿਸ ਸਮੇਂ ਹਮਲੇ ਕੀਤੇ ਗਏ ਉਸ ਸਮੇਂ ਕਾਮਨਵੈਲਥ ਦੇਸ਼ਾਂ ਦਾ ਇਕ ਮਿਸ਼ਨ ਜੋਹੰਸਬਰਗ ਵਿਚ ਸੀ ਜਿਸ ਵਿਚ ਭਾਰਤ ਦੇ ਪ੍ਰਤੀਨਿਧ ਸ: ਸਵਰਨ ਸਿੰਘ ਵੀ ਸ਼ਾਮਲ ਸਨ। ਹਮਲਿਆਂ ਦੀ ਖਬਰ ਸੁਣ ਕੇ ਮਿਸ਼ਨ ਦੇ ਮੈਂਬਰਾਂ ਨੇ ਦੱਖਣੀ ਅਫਰੀਕਾ ਦੀ ਸਰਕਾਰ ਨਾਲ ਗੱਲਬਾਤ ਕਰਨ ਤੋਂ ਨਾਂਹ ਕਰ ਦਿਤੀ। ਤੇ ਕਾਮਨਵੈਲਥ ਦੇਸ਼ਾਂ ਦੇ ਸਕੱਤਰ ਜਨਰਲ ਮਿ: ਰਾਮਫਲ ਨੇ ਕਿਹਾ ਕਿ ਦੱਖਣੀ ਅਫਰੀਕਾ ਵਿਰੁੱਧ ਹੁਣ ਸਖਤ ਐਕਸ਼ਨ ਲੈਣਾ ਪਵੇਗਾ।

ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਜੋ ਗੁੱਟਨਿਰਲੇਪ ਦੇਸ਼ਾਂ ਦੇ ਚੇਅਰਮੈਨ ਵੀ ਹਨ ਨੇ ਇਸ ਹਮਲੇ ਦੀ ਨਿੰਦਾ ਕਰਦਿਆਂ ਕਿਹਾ ਕਿ ਨਸਲਵਾਦੀ ਦੱਖਣੀ ਅਫਰੀਕਨ ਸਰਕਾਰ ਦਾ ਮੁਕੰਮਲ ਬਾਈਕਾਟ ਕਰਨਾ ਚਾਹੀਦਾ ਹੈ। ਉਨ੍ਹਾਂ ਜ਼ਾਂਬੀਆ, ਜ਼ਿੰਮਮਾਬੇ, ਅੰਗੋਲਾ ਅਤੇ ਤਨਜ਼ਾਨੀਆ ਦਾ ਆਪਣਾ ਦੌਰਾ ਮੁਕੰਮਲ ਕਰ ਲਿਆ ਹੈ।

## ਮਨਜੀਤ ਬੱਗਾ ਸਰੀ ਵਿਚ ਕਤਲ



ਸਰੀ — ਮਨਜੀਤ ਸਿੰਘ ਬੱਗਾ ਨੂੰ ਸ਼ੁਕਰਵਾਰ ਛੁਰਾ ਮਾਰ ਕੇ ਕਤਲ ਕਰ ਦਿਤਾ ਗਿਆ ਤੇ ਉਸ ਦੀ ਲਾਸ਼ ਪਟੂਲੋ ਪੁੱਲ ਦੇ ਲਾਗਿਓਂ ਪੁਲਸ ਨੂੰ ਲੱਭੀ। ਮਨਜੀਤ ਬੱਗਾ 24 ਸਾਲ ਦੀ ਉਮਰ ਦਾ ਸੀ। ਸ਼ੁਕਰਵਾਰ ਦੀ ਰਾਤ ਨੂੰ ਮਨਜੀਤ ਬੱਗਾ ਨੂੰ ਕੁੱਟਮਾਰ ਕੇ ਤੇ ਛੁਰਾ ਮਾਰ ਕੇ ਕਤਲ ਕੀਤਾ ਗਿਆ।

ਮਨਜੀਤ, ਜੋ ਮਜ਼ਦੂਰੀ ਦਾ ਕੰਮ ਕਰਦਾ ਸੀ, ਨਵੀਂ ਦਿੱਲੀ ਦੇ ਸਾਬਕਾ ਪੁਲੀਸਮੈਨ ਦਰਸ਼ਨ ਸਿੰਘ ਬੱਗਾ ਸਰੀ ਨਿਵਾਸੀ ਦਾ ਪੁੱਤਰ ਸੀ।

ਸਰੀ ਦੇ ਇਕ ਗੋਰੇ ਯੁਵਕ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਉਸ ਉਤੇ ਕਤਲ ਦਾ ਦੋਸ਼ ਲਾਇਆ ਗਿਆ ਹੈ। ਪੁਲਸ ਨੂੰ ਉਸ ਸਮੇਂ ਸ਼ੱਕੀ ਦੋਸ਼ੀ ਦਾ ਪਤਾ ਲੱਗਾ ਜਦ ਪੁਲਸ ਨੇ ਇਕ ਕਾਰ ਰੋਕੀ ਤਾਂ ਉਸ ਵਿਚ ਦੋ ਨੌਜਵਾਨ ਗੋਰੇ ਸਨ ਜਿਨ੍ਹਾਂ ਵਿਚੋਂ ਇਕ ਨੇ ਮਨਜੀਤ ਬੱਗਾ ਦਾ ਡਰਾਈਵਿੰਗ ਲਾਇਸੰਸ ਗਲਤੀ ਨਾਲ ਪੁਲਸ ਵਾਲੇ ਨੂੰ ਦਿਖਾ ਦਿਤਾ ਅਤੇ ਦੋਵਾਂ ਦੇ ਕੱਪੜਿਆਂ ਉਤੇ ਲਹੂ ਦੇ ਨਿਸ਼ਾਨ ਸਨ।

ਮਨਜੀਤ ਬੱਗਾ ਦੀ ਮਾਤਾ ਮਹਿੰਦਰ ਕੌਰ ਤੇ ਪਿਤਾ ਦਰਸ਼ਨ ਸਿੰਘ ਬੱਗਾ ਸ਼ੁਕਰਵਾਰ ਦੀ ਰਾਤ ਮਨਜੀਤ ਨੂੰ ਘਰ ਉਡੀਕਦੇ ਰਹੇ ਪਰ ਸ਼ਨਿਚਰਵਾਰ ਪੁਲਸ ਨੇ ਆ ਕੇ ਦੱਸਿਆ ਕਿ ਮਨਜੀਤ ਬੱਗਾ ਦੀ ਲਾਸ਼ ਲੱਭੀ ਹੈ।

ਦਰਸ਼ਨ ਸਿੰਘ ਬੱਗਾ ਫਾਰਮਾਂ ਵਿਚ ਕੰਮ ਕਰਦੇ ਹਨ। ਇਸ ਤੋਂ ਪਹਿਲਾਂ ਉਨ੍ਹਾ 28 ਸਾਲ ਪੁਲਸ ਦੀ ਨੌਕਰੀ ਦਿੱਲੀ ਵਿਚ ਕੀਤੀ ਹੈ।

## ਬਲਵੰਤ ਸਿੰਘ ਵਲੋਂ ਨਰਾਜ਼ ਸਾਥੀਆਂ ਨੂੰ ਵਾਪਸੀ ਦਾ ਸੱਦਾ

ਜਲੰਧਰ — ਪੰਜਾਬ ਦੇ ਵਿੱਤ ਮੰਤਰੀ ਬਲਵੰਤ ਸਿੰਘ ਨੇ ਕਿਹਾ ਕਿ ਰਾਜ ਸਰਕਾਰ ਨੂੰ ਉਸ ਕੌਮਾਂਤਰੀ ਸਾਜ਼ਿਸ਼ ਵਿਰੁਧ ਲੜਨਾ ਪੈ ਰਿਹਾ ਹੈ ਜੋ ਕਿ ਪੰਜਾਬ ਅੰਦਰ ਗੜਬੜ ਦੀ ਸਥਿਤੀ ਪੈਦਾ ਕਰਕੇ ਦੇਸ਼ ਨੂੰ ਟੋਟੇ ਟੋਟੇ ਕਰਨ ਲਈ ਯਤਨਸ਼ੀਲ ਹੈ। ਇਥੇ ਪੱਤਰਕਾਰਾਂ ਦੇ ਸੰਮੇਲਨ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਨੂੰ ਇਸ ਸਮੇਂ ਸਮੁੱਚੀ ਕੌਮ ਦੀ ਹਮਾਇਤ ਹਾਸਲ ਹੈ। ਉਨ੍ਹਾਂ ਨਰਾਜ਼ ਸਾਥੀਆਂ ਨੂੰ ਪਾਰਟੀ ਵਿਚ ਮੁੜ ਸ਼ਾਮਲ ਹੋਣ ਅਤੇ ਸੰਘਰਸ਼ 'ਚ ਸਾਂਝੇ ਤੌਰ 'ਤੇ ਹੱਥ ਵਟਾਉਣ ਦਾ ਸੱਦਾ ਦਿੱਤਾ।

ਉਨ੍ਹਾਂ ਦੋਸ਼ ਲਾਇਆ ਕਿ ਨਰਾਜ਼ ਸਾਥੀਆਂ ਦੀਆਂ ਗਤੀਵਿਧੀਆਂ ਨਾਲ ਦਹਿਸ਼ਤਪਸੰਦਾਂ ਅਤੇ ਪੰਥ-ਵਿਰੋਧੀ ਤਾਕਤਾਂ ਦੀਆਂ ਗਤੀਵਿਧੀਆਂ ਉਪਰ ਪਰਦਾ ਪੈਂਦਾ ਹੈ ਤੇ ਇਓਂ ਪੰਜਾਬ ਦੇ ਹਿਤਾਂ ਨੂੰ ਠੇਸ ਪਹੁੰਚਦੀ ਹੈ। ਸ. ਬਲਵੰਤ ਸਿੰਘ ਨੇ ਦਾਅਵਾ ਕੀਤਾ ਕਿ 27 ਨਰਾਜ਼ ਵਿਧਾਇਕ ਜਲਦੀ ਹੀ ਵਾਪਸ ਆਉਣਗੇ।

## ਅੰਮ੍ਰਿਤਸਰ ਦੇ ਘਿਰਾਓ ਦਾ ਸੱਦਾ ਬੇਅਸਰ

ਅੰਮ੍ਰਿਤਸਰ — ਸੰਯੁਕਤ ਅਕਾਲੀ ਦਲ ਅਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ 'ਪ੍ਰੀਜ਼ੀਡੀਅਮ' ਵਲੋਂ ਦੋ ਦਿਨ ਲਈ ਅੰਮ੍ਰਿਤਸਰ ਸ਼ਹਿਰ ਦੇ ਘਿਰਾਓ ਸਬੰਧੀ ਸਾਂਝੇ ਤੌਰ ਉਤੇ ਦਿਤੇ ਸੱਦੇ ਨੂੰ ਉਕਾ ਹੀ ਹੁੰਗਾਰਾ ਨਾ ਮਿਲਿਆ। 30 ਅਪਰੈਲ ਨੂੰ ਕੰਪਲੈਕਸ ਅੰਦਰ ਹੋਏ ਪੁਲੀਸ ਦਾਖਲੇ ਵਿਰੁੱਧ ਅਤੇ ਕੰਪਲੈਕਸ ਵਿਚੋਂ ਨੀਮ-ਫੌਜੀ ਦਲਾਂ ਦੇ ਜਵਾਨਾਂ ਨੂੰ ਹਟਾਉਣ ਦੀ ਮੰਗ ਨੂੰ ਲੈ ਕੇ ਉਕਤ ਸੱਦਾ ਦਿਤਾ ਗਿਆ ਸੀ। ਸੱਦੇ ਵਿਚ ਕਿਹਾ ਗਿਆ ਸੀ ਕਿ ਦੁੱਧ, ਚਾਰਾ ਤੇ ਸਬਜ਼ੀਆਂ ਆਦਿ ਦੀ ਸਪਲਾਈ ਪਿੰਡਾਂ ਤੋਂ ਸ਼ਹਿਰ ਵੱਲ ਨਹੀਂ ਹੋਣ ਦਿਤੀ ਜਾਵੇਗੀ। ਬਾਬਾ ਜੋਗਿੰਦਰ ਸਿੰਘ ਨੇ ਜਲੰਧਰ ਵਿਚ ਇਹ ਐਲਾਨ ਕੀਤਾ ਸੀ।

ਪ੍ਰਸ਼ਾਸਨ ਨੇ ਸੁਰੱਖਿਆ ਵਜੋਂ ਕਰਫਿਊ ਲਾ ਦਿਤਾ ਸੀ ਤੇ ਕੰਪਲੈਕਸ ਦੇ ਨੇੜੇ ਕਿਸੇ ਨੂੰ ਆਉਣ-ਜਾਣ ਦੀ ਆਗਿਆ ਨਾ ਦਿੱਤੀ। ਸ਼ਹਿਰ ਦੇ ਤੇਰਾਂ ਰਸਤਿਆਂ ਉਤੇ ਨੀਮ ਫੌਜੀ ਦਲਾਂ ਦੇ ਜਵਾਨਾਂ ਅਤੇ ਪੁਲੀਸ ਦੀ ਗਸ਼ਤ ਸੀ। ਹਰੇਕ ਪੁਲੀਸ ਨਾਕੇ ਦਾ ਵਾਇਰਲੈਸ ਰਾਹੀਂ ਇਕ ਦੂਜੇ ਨਾਲ ਸੰਪਰਕ ਜੋੜਿਆ ਹੋਇਆ ਸੀ। ਵਸਤਾਂ ਦੀ ਸਪਲਾਈ ਆਮ ਵਾਂਗ ਜਾਰੀ ਰਹੀ। ਸ਼ਹਿਰ ਦੇ ਕਈ ਵਸਨੀਕਾਂ ਦਾ ਕਹਿਣਾ ਸੀ ਕਿ ਉਨ੍ਹਾਂ ਨੂੰ ਆਮ ਦਿਨਾਂ ਨਾਲੋਂ ਸਾਝਰੇ ਦੁੱਧ ਮਿ ਲਿਆ। ਇਸੇ ਦੌਰਾਨ ਪੀ. ਟੀ. ਆਈ. ਦੀ ਸੂਚਨਾ ਮੁਤਾਬਕ ਇਥੋਂ ਅੱਠ ਕਿਲੋਮੀਟਰ ਦੂਰ ਦਬੁਰਜੀ ਵਿਖੇ ਜੀ. ਟੀ. ਰੋਡ ਉਪਰ ਨਾਅਰੇ ਲਾਉਂਦੇ ਲਗਭਗ ਪੰਦਰਾਂ ਨੌਜਵਾਨਾਂ ਨੂੰ ਪੁਲੀਸ ਨੇ ਫੜ ਲਿਆ।

## ਜਨਤਾ ਪ੍ਰਧਾਨ ਵਿਰੁੱਧ ਬਗਾਵਤ

ਹੁਸ਼ਿਆਰਪੁਰ — ਪੰਜਾਬ ਜਨਤਾ ਪਾਰਟੀ ਦੇ ਵਰਕਰਾਂ ਵਲੋਂ ਪ੍ਰਦੇਸ਼ ਇਕਾਈ ਦੇ ਪ੍ਰਧਾਨ ਸ੍ਰੀ ਹਰਭਜਨ ਸਿੰਘ ਵਿਰੁੱਧ ਬਗਾਵਤ ਕਰਕੇ ਪਹਿਲੀ ਜੂਨ ਨੂੰ ਮੋਗਾ ਵਿਚ ਕਨਵੈਨਸ਼ਨ ਸੱਦਣ ਦਾ ਐਲਾਨ ਕੀਤਾ ਗਿਆ ਹੈ। ਪਾਰਟੀ ਦੇ ਨੇਤਾਵਾਂ ਸ੍ਰੀ ਰੂਪ ਲਾਲ ਸਾਥੀ, ਸ੍ਰੀ ਦੇਸ ਰਾਜ ਮਲਹੋਤਰਾ, ਸ੍ਰੀ ਬਲਬੀਰ ਸਿੰਘ ਗਰੇਵਾਲ ਅਤੇ ਸ੍ਰੀ ਵਿਰਮਾਨੀ (ਸਾਰੇ ਐਗਜ਼ੇਕਟਿਵ ਮੈਂਬਰ) ਨੇ ਇਥੇ ਦੋਸ਼ ਲਾਇਆ ਕਿ ਸ੍ਰੀ ਹਰਭਜਨ ਸਿੰਘ ਪਾਰਟੀ ਨੂੰ ਠੀਕ ਸੇਧ ਦੇਣ ਵਿਚ ਨਾਕਾਮ ਰਹੇ ਹਨ। ਉਨ੍ਹਾਂ ਨੇ ਪਾਰਟੀ ਵਿਚੋਂ ਬੇਗਸ ਮੈਂਬਰਾਂ ਦੀ ਛਾਂਟੀ ਕੀਤੇ ਜਾਣ ਦੀ ਵੀ ਮੰਗ ਕੀਤੀ। ਉਨ੍ਹਾਂ ਨੇ ਪੰਜਾਬ ਵਿਚ ਬੇਗੁਨਾਹੇ ਲੋਕਾਂ ਦੇ ਹੋ ਰਹੇ ਕਤਲਾਂ ਉਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਅਤੇ ਮੌਜੂਦਾ ਹਾਲਾਤ ਲਈ ਕਾਂਗਰਸ (ਆਈ) ਅਤੇ ਅਕਾਲੀ ਦਲ ਦੋਵਾਂ ਨੂੰ ਜ਼ਿੰਮੇਵਾਰ ਕਰਾਰ ਦਿਤਾ। ਉਨ੍ਹਾਂ ਦੋਸ਼ ਲਾਇਆ ਕਿ ਕਾਂਗਰਸ ਪਾਰਟੀ, ਬਰਨਾਲਾ ਸਰਕਾਰ ਨੂੰ ਹਮਾਇਤ ਦੇਣ ਲਈ ਗੰਭੀਰ ਨਹੀਂ ਅਤੇ ਉਹ ਤਾਕਤ ਵਿਚ ਆਉਣ ਦੇ ਸੁਪਨੇ ਵੇਖ ਰਹੀ ਹੈ।

## ਸੇਖੋਂ ਦਾ ਸਨਮਾਨ ਪਹਿਲੀ ਜੂਨ ਨੂੰ

ਲੁਧਿਆਣਾ, (ਨਿਜੀ ਪੱਤਰ ਪ੍ਰੇਰਕ) – ਨੈਸ਼ਨਲ ਲਿਟਰੇਚਰ ਤੇ ਆਰਟ ਸੁਸਾਇਟੀ ਵਲੋਂ ਉਘੇ ਪੰਜਾਬੀ ਲੇਖਕ ਪ੍ਰਿੰਸੀਪਲ ਸੰਤ ਸਿੰਘ ਸੇਖੋਂ ਨੂੰ ਉਨ੍ਹਾਂ ਦੇ 79ਵੇਂ ਜਨਮ ਦਿਵਸ ਦੇ ਮੌਕੇ 'ਤੇ 1 ਜੂਨ, ਨੂੰ ਪੰਜਾਬੀ ਭਵਨ ਵਿਖੇ ਉਨ੍ਹਾਂ ਦੀਆਂ ਸਾਹਿਤਕ, ਸਭਿਆਚਾਰਕ ਅਤੇ ਵਿਦਿਅਕ ਖੇਤਰ ਵਿਚ ਵੱਡਮੁੱਲੀਆਂ ਪ੍ਰਾਪਤੀਆਂ ਤੇ ਮਹੱਤਵਪੂਰਨ ਯੋਗਦਾਨ ਲਈ ਸਨਮਾਨਿਤ ਕੀਤਾ ਜਾ ਰਿਹਾ ਹੈ।

ਸੁਸਾਇਟੀ ਦੇ ਪ੍ਰਧਾਨ ਡਾ. ਰਣਜੀਤ ਸਿੰਘ ਅਨੁਸਾਰ ਇਸ ਸਮਾਰੋਹ ਵਿਚ ਦੇਸ਼ ਭਰ ਤੋਂ ਪ੍ਰਿੰਸੀਪਲ ਸੇਖੋਂ ਦੇ ਹਿਤੈਸ਼ੀ, ਵਿਦਿਆਰਥੀ ਅਤੇ ਪ੍ਰਸ਼ੰਸਕ ਸ਼ਾਮਲ ਹੋਣਗੇ। ਸਨਮਾਨ ਵਜੋਂ ਸ੍ਰੀ ਸੇਖੋਂ ਨੂੰ 5100 ਰੁਪਏ ਦੀ ਥੈਲੀ ਅਤੇ ਸਨਮਾਨ ਪੱਤਰ ਭੇਟ ਕੀਤਾ ਜਾਵੇਗਾ। ਇਸ ਮੌਕੇ 'ਤੇ ਪੰਜਾਬ ਦੇ ਉਘੇ ਲੋਕ ਗਾਇਕ ਅਤੇ ਕਲਾਕਾਰ ਸਭਿਆਚਾਰਕ ਗੀਤਾਂ ਦਾ ਵਿਸ਼ੇਸ਼ ਪ੍ਰੋਗਰਾਮ ਪੇਸ਼ ਕਰਨਗੇ।

ਸਮਾਰੋਹ ਦਾ ਉਦਘਾਟਨ ਪਟਿਆਲਾ ਡਿਵੀਜ਼ਨ ਦੇ ਕਮਿਸ਼ਨਰ ਸ੍ਰੀ ਅਮਰੀਕ ਸਿੰਘ ਪੂਨੀ ਅਤੇ ਪ੍ਰਧਾਨਗੀ ਮੁੱਖ ਮੰਤਰੀ ਦੇ ਪ੍ਰਿੰਸੀਪਲ ਸਕੱਤਰ ਸ੍ਰੀ ਜੈ ਸਿੰਘ ਗਿੱਲ ਕਰਨਗੇ।

## ਰਾਜੀਵ ਗਾਂਧੀ ਨੇ ਨਵੇਂ ਪੈਨਲ ਬਣਾਏ

ਨਵੀਂ ਦਿੱਲੀ — ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਨੇ ਦੋ ਮੁੱਖ ਸਲਾਹਕਾਰ ਪੈਨਲਾਂ ਦਾ ਪੁਨਰਗਠਨ ਕੀਤਾ ਹੈ। ਰਾਜਸੀ ਮਾਮਲਿਆਂ ਬਾਰੇ ਪੈਨਲ ਵਿਚ ਪ੍ਰਧਾਨ ਮੰਤਰੀ ਤੋਂ ਬਿਨਾਂ ਸ੍ਰੀ ਨਿਰਸਮਹਾ ਰਾਓ, ਵਿਸ਼ਵ ਪ੍ਰਤਾਪ ਸਿੰਘ, ਬੂਟਾ ਸਿੰਘ ਤੇ ਪੀ. ਸ਼ਿਵ ਸ਼ੰਕਰ ਹੋਣਗੇ।

ਆਰਥਕ ਮਾਮਲਿਆਂ ਬਾਰੇ ਕਮੇਟੀ ਦੇ ਮੈਂਬਰਾਂ ਦੀ ਗਿਣਤੀ ਵਧਾ ਕੇ ਸੱਤ ਕਰ ਦਿਤੀ ਗਈ ਹੈ ਜਿਨ੍ਹਾਂ ਵਿਚ ਰਾਜੀਵ ਗਾਂਧੀ, ਨਰਸਿਮਹਾ ਰਾਓ, ਵਿਸ਼ਵਪ੍ਰਤਾਪ ਸਿੰਘ, ਸ਼ਿਵ ਸ਼ੰਕਰ, ਬੰਸੀ ਲਾਲ, ਨਰਾਇਣ ਦੱਤ ਤਿਵਾੜੀ ਅਤੇ ਗੁਰਦਿਆਲ ਸਿੰਘ ਢਿਲੋਂ ਹੋਣਗੇ।

**Gurmail S. Gill**
**Lawyer**
**ਗੁਰਮੇਲ ਸਿੰਘ ਗਿੱਲ**

- ਆਈ. ਸੀ. ਬੀ. ਸੀ. ਕਲੇਮਜ਼
- ਕ੍ਰਿਮੀਨਲ ਕੇਸਜ਼
- ਡਾਈਵੋਰਸ ਅਤੇ ਫੈਮਿਲੀ ਕੇਸਜ਼
- ਸਿਵਲ ਕੋਰਟ ਕਲੇਮਜ਼
- ਪ੍ਰਾਪਰਟੀ ਅਤੇ ਮੋਰਗੇਜ
- ਇਮੀਗਰੇਸ਼ਨ

**Ph. 859-7171**
**534-0044 Toll Free**
**ROSBOROUGH & COMPANY**
**33832 South Fraser Way Abbotsford, B.C.**
**ਪਹਿਲਾਂ ਸਲਾਹ ਲੈਣ ਦੀ ਕੋਈ ਫੀਸ ਨਹੀਂ**

ਬਰਨਬੀ ਵਿਚ ਨਵਾਂ ਗਰੋਸਰੀ ਸਟੋਰ

**ਸੈਂਟਰਲ ਮਾਰਕਿਟ**

ਹੁਣ ਤੁਸੀਂ ਹਰ ਕਿਸਮ ਦੀ ਭਾਰਤੀ ਗਰੋਸਰੀ, ਵਧੀਆ ਅਤੇ ਵਾਜਬ ਕੀਮਤਾਂ ਵਿਚ ਇਥੋਂ ਪ੍ਰਾਪਤ ਕਰੋ — ਤਾਜ਼ੀਆਂ ਸਬਜ਼ੀਆਂ ਵੀ ਮਿਲ ਸਕਦੀਆਂ ਹਨ
ਸਟੋਰ ਸੱਤੇ ਦਿਨ ਖੁਲ੍ਹਾ ਰਹਿੰਦਾ ਹੈ — ਸਵੇਰੇ 9.00 ਵਜੇ ਤੋਂ ਸ਼ਾਮ ਦੇ 9.00 ਵਜੇ ਤੱਕ

**CENTRAL MARKET**
7421 Edmonds Street, BURNABY, B.C.
**Ph. 521-7903**

THE CANADA DARPAN

(Punjabi Weekly Newspaper)

P.O.BOX 265

Surrey, B.C. V3T 4W8

Chief Editor: (Hon.) DARSHAN GILL

Art: N. DHALIWAL

All office holders of CANADA DARPAN are honorary associates.

'ਕੈਨੇਡਾ ਦਰਪਣ' ਵਿਚ ਛਪੀਆਂ ਰਚਨਾਵਾਂ ਲਈ ਲੇਖਕ ਆਪ ਜ਼ਿੰਮੇਂਵਾਰ ਹਨ । ਐਡੀਟਰ ਜਾਂ ਪਬਲਿਸ਼ਰ ਦਾ ਉਹਨਾਂ ਵਿਚ ਦਿੱਤੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ।

Ph. 581-4473


# ਬੇਰੁਜ਼ਗਾਰੀ ਭੱਤਾ ਤੇ ਫੈਡਰਲ ਸਰਕਾਰ

ਪਿਛਲੇ ਡੇਢ ਦੋ ਮਹੀਨੇ ਤੋਂ ਲਗਾਤਾਰ 'ਕੈਨੇਡਾ ਦਰਪਣ' ਨੇ ਅਜਿਹੇ ਲੇਖ ਅਤੇ ਬਿਆਨ ਛਾਪੇ ਹਨ ਜਿਨ੍ਹਾਂ ਵਿਚ 16 ਮਾਰਚ 1986 ਤੋਂ ਲਾਗੂ ਕੀਤੇ ਗਏ ਕਾਨੂੰਨ ਕਿ ਵੈਨਕੂਵਰ ਅਤੇ ਫਰੇਜ਼ਰ ਵੈਲੀ ਵਿਚ ਦੁਬਾਰਾ ਬੇਰੁਜ਼ਗਾਰੀ ਭੱਤਾ ਲੈਣ ਲਈ ਸਟੈਂਪਾਂ ਦੀ ਗਿਣਤੀ ਵਧਾਈ ਗਈ ਹੈ ਜਿਸ ਅਨੁਸਾਰ ਜੇ ਇਕ ਵਾਰ ਤੁਸੀਂ ਦਸ ਸਟੈਂਪਾਂ ਨਾਲ ਬੇਰੁਜ਼ਗਾਰੀ ਭੱਤਾ ਲਿਆ ਹੈ ਤਾਂ ਦੂਜੀ ਵਾਰ ਦਸ ਸਟੈਂਪਾਂ ਤੇ ਬੇਰੁਜ਼ਗਾਰੀ ਭੱਤਾ ਨਹੀਂ ਮਿਲੇਗਾ ਸਗੋਂ ਤੁਹਾਨੂੰ ਸੋਲਾਂ ਸਟੈਂਪਾਂ ਲੈਣੀਆਂ ਪੈਣਗੀਆਂ । ਇਸ ਬਾਰੇ ਵੈਨਕੂਵਰ ਦਾ ਅੰਗਰੇਜ਼ੀ ਮੀਡੀਆ ਬਿਲਕੁਲ ਚੁੱਪ ਹੈ । ਇਸ ਚੁੱਪ ਦਾ ਕਾਰਨ ਇਹ ਹੈ ਕਿ ਇਸਦਾ ਬਹੁਤਾ ਅਸਰ ਘੱਟ-ਗਿਣਤੀ ਲੋਕਾਂ ਉਤੇ ਪੈਂਦਾ ਹੈ । ਘੱਟ ਗਿਣਤੀ ਲੋਕਾਂ ਦੀ ਲੋੜ ਸਰਕਾਰਾਂ ਨੂੰ ਉਸ ਸਮੇਂ ਹੀ ਪੈਂਦੀ ਹੈ ਜਦੋਂ ਵੋਟਾਂ ਬਟੋਰਨੀਆਂ ਹੋਣ । ਦੂਜੇ ਘੱਟ-ਗਿਣਤੀ ਲੋਕਾਂ ਦਾ ਆਪਣਾ ਮੀਡੀਆ ਵੀ ਅਜਿਹਾ ਹੈ ਜਿਸ ਦਾ ਮਨੋਰਥ ਤਿੱਖੀਆਂ ਤੇ ਗਰਮ ਖਬਰਾਂ ਲਾ ਕੇ ਆਪਣੀ ਚਾਂਦੀ ਖਰੀ ਕਰਨਾ ਹੈ । ਉਨ੍ਹਾਂ ਨੂੰ ਕੈਨੇਡਾ ਵਿਚ ਵਸਦੇ ਪਰਵਾਰਾਂ ਨਾਲ ਵਾਸਤਾ ਨਹੀਂ — ਉਨ੍ਹਾਂ ਨੂੰ ਤਾਂ ਪਿਛਲੇ ਦੇਸ਼ਾਂ ਦੇ ਟੁਕੜੇ ਕਰਵਾਉਣ ਦਾ ਫਿਕਰ ਹੀ ਸਾਹ ਨਹੀਂ ਲੈਣ ਦਿੰਦਾ । ਇਥੇ ਸਾਡੇ ਹਜ਼ਾਰਾਂ ਪ੍ਰਵਾਰ ਖੇਤ-ਮਜ਼ਦੂਰਾਂ ਵਜੋਂ ਕੰਮ ਕਰ ਰਹੇ ਹਨ । ਉਨ੍ਹਾਂ ਵਿਚੋਂ ਬਹੁਤੇ ਗਰੀਬੀ ਦੀ ਪੱਧਰ ਉਤੇ ਰਹਿ ਰਹੇ ਹਨ । ਸੱਠ ਸੱਠ ਸਾਲ ਦੇ ਬਜ਼ੁਰਗ ਖੇਤਾਂ ਵਿਚ ਚੌਦਾਂ ਚੌਦਾਂ ਘੰਟੇ ਕੰਮ ਕਰਕੇ ਆਪਣਾ ਨਿਰਬਾਹ ਤੋਰਦੇ ਹਨ । ਮਿੱਲਾਂ ਬੰਦ ਹੋਣ ਕਾਰਨ ਨੌਜੁਆਨ ਕਾਮੇ ਖੇਤਾਂ ਵੱਲ ਜਾਣ ਲਈ ਮਜ਼ਬੂਰ ਹਨ । ਬੇਰੁਜ਼ਗਾਰੀ ਦੀ ਸਰਾਲ ਨੇ ਲੋਕਾਂ ਦਾ ਦਮ ਘੁੱਟ ਰੱਖਿਆ ਹੈ । ਲੋਕਾਂ ਨੇ ਘਰਾਂ ਦੀਆਂ ਕਿਸ਼ਤਾਂ ਦੇਣੀਆਂ ਹਨ, ਕਾਰਾਂ ਦੀਆਂ ਕਿਸ਼ਤਾਂ ਦੇਣੀਆਂ ਹਨ — ਪਾਣੀ ਬਿਜਲੀ ਦੇ ਬਿੱਲ ਤਾਰਨੇ ਹਨ — ਘਰਾਂ ਵਿਚ ਦੋ ਵੇਲੇ ਚੁਲ੍ਹਾ ਵੀ ਤਪਾਉਣਾ ਹੈ — ਬੱਚਿਆਂ ਦੇ ਖਰਚੇ ਵੀ ਪੂਰੇ ਕਰਨੇ ਹਨ — ਇਹ ਅਜਿਹੀਆਂ ਆਰਥਿਕ ਸਮੱਸਿਆਵਾਂ ਹਨ ਜਿਨ੍ਹਾਂ ਤੋਂ ਮੂੰਹ ਨਹੀਂ ਮੋੜਿਆ ਜਾ ਸਕਦਾ ।

ਫੈਡਰਲ ਸਰਕਾਰ ਲੋਕਾਂ ਵਿਚ ਮਕਬੂਲ ਹੋਣ ਲਈ ਬੇਰੁਜ਼ਗਾਰੀ ਦੀ ਦਰ ਘੱਟ ਦਰਸਾ ਕੇ ਮਜ਼ਦੂਰਾਂ ਨਾਲ ਖਿਲਵਾੜ ਕਰਨ ਉਤੇ ਤੁਲੀ ਜਾਪਦੀ ਹੈ । ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦੇ ਸਰਵੇ ਅਨੁਸਾਰ ਜਿਥੇ ਬੇਰੁਜ਼ਗਾਰੀ ਦਰ 23 ਫੀਸਦੀ ਹੈ ਉਥੇ ਸਰਕਾਰ ਇਸ ਨੂੰ ਸਾਢੇ ਗਿਆਰਾਂ ਫੀਸਦੀ ਦੱਸ ਰਹੀ ਹੈ । ਇਸੇ ਗੱਲ ਦਾ ਨਤੀਜਾ ਹੈ ਕਿ ਦਸ ਸਟੈਂਪਾਂ ਦੀ ਥਾਂ ਸੋਲਾਂ ਸਟੈਂਪਾਂ ਕੀਤੀਆਂ ਗਈਆਂ ਹਨ ।

ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਦਾ ਪਿਛਲੇ ਛੇ ਸਾਲਾਂ ਦਾ ਪਿਛੋਕੜ ਇਸ ਗੱਲ ਦੀ ਸ਼ਾਹਦੀ ਹੈ ਕਿ ਇਸ ਯੂਨੀਅਨ ਦੇ ਵਰਕਰਾਂ ਨੇ ਖੇਤ-ਮਜ਼ਦੂਰਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਦਿਵਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਹਨ ਪਰ ਸਾਡੀ ਆਪਣੀ ਕਮਿਊਨਿਟੀ ਵਿਚ ਵੀ ਅਜਿਹੇ ਲੋਕ ਹਨ ਜੋ ਆਪਣੇ ਲੋਕਾਂ ਨਾਲ ਹੀ ਘਟੀਆ ਵਤੀਰਾ ਅਪਣਾਉਂਦੇ ਰਹੇ ਹਨ ਅਤੇ ਫਾਰਮ ਵਰਕਰਜ਼ ਯੂਨੀਅਨ ਬਾਰੇ ਵੀ ਗਲਤ ਫਹਿਮੀਆਂ ਫੈਲਾਉਣ ਦੀ ਕੋਸ਼ਿਸ਼ ਕਰਦੇ ਹਨ । ਸਾਡੇ ਬਹੁਤੇ ਲੋਕ ਪਿੰਡਾਂ ਵਿਚੋਂ ਆਏ ਹਨ ਅਤੇ ਉਥੇ ਸਖਤ ਮਿਹਨਤ ਦੇ ਆਦੀ ਹੋਣ ਕਰਕੇ ਕਈ ਵਾਰ ਅਣਮਨੁੱਖੀ ਵਤੀਰੇ ਨੂੰ ਵੀ ਸਹਿਣ ਕਰ ਜਾਂਦੇ ਹਨ ਪਰ ਸਾਡੇ ਆਪਣੇ ਹੀ ਫਾਰਮਾਂ ਦੇ ਮਾਲਕ ਕਈ ਵਾਰ ਅਨਪੜ੍ਹ ਵਿਅਕਤੀਆਂ ਨਾਲ ਕੋਝਾ ਵਤੀਰਾ ਅਪਨਾਉਣ ਦੇ ਭਾਗੀ ਹਨ । ਇਸ ਤਰ੍ਹਾਂ ਫਾਰਮ ਵਰਕਰਜ਼ ਯੂਨੀਅਨ ਵਿਰੁੱਧ ਕਈ ਤਰ੍ਹਾਂ ਦੀਆਂ ਭੁਲੇਖਾ-ਪਾਊ ਗੱਲਾਂ ਵੀ ਕੀਤੀਆਂ ਜਾਂਦੀਆਂ ਹਨ ।

22 ਮਈ ਨੂੰ ਕੈਨੇਡੀਅਨ ਫਾਰਮ ਵਰਕਰਜ਼ ਯੂਨੀਅਨ ਵਲੋਂ ਇਕ ਵਿਸ਼ਾਲ ਮੁਜ਼ਾਹਰਾ ਜਥੇਬੰਦ ਕੀਤਾ ਜਾ ਰਿਹਾ ਹੈ ਤਾਕਿ ਫੈਡਰਲ ਸਰਕਾਰ ਤੱਕ ਇਹ ਆਵਾਜ਼ ਪਹੁੰਚਾਈ ਜਾਵੇ ਕਿ ਸਟੈਂਪਾਂ ਦੀ ਗਿਣਤੀ ਵਧਾ ਕੇ ਲੋਕਾਂ ਨੂੰ ਮਜ਼ਬੂਰ ਨਾ ਕਰੋ ਕਿ ਉਹ ਵੈਲਫੇਅਰ ਵਰਗੀਆਂ ਲਾਹਣਤਾਂ ਦੇ ਆਦੀ ਹੋਣ । ਲੋਕਾਂ ਦੇ ਹੱਡੀਂ ਪਾਣੀ ਪਾਉਣ ਦੀਆਂ ਚਾਲਾਂ ਨਾ ਕਰੋ — ਸਗੋਂ ਲੋਕਾਂ ਨੂੰ ਵੱਧ ਤੋਂ ਵੱਧ ਰੁਜ਼ਗਾਰ ਦਿਓ । ਸਾਡੇ ਸਾਰੇ ਲੋਕਾਂ ਨੂੰ ਪਤਾ ਹੈ ਕਿ ਫਾਰਮਰ ਵੀ ਬਹੁਤੀ ਵਾਰੀ ਆਰਥਿਕ ਤੰਗੀਆਂ ਦਾ ਸ਼ਿਕਾਰ ਹੁੰਦੇ ਹਨ ਜਦੋਂ ਮੌਸਮ ਸਾਥ ਨਹੀਂ ਦਿੰਦਾ ਪਿਛਲੇ ਸਾਲਾਂ ਵਿਚ ਫਾਰਮਰ ਅਤੇ ਫਾਰਮਵਰਕਰ ਦੋਵੇਂ ਹੀ ਔਖੇ ਸਮਿਆਂ ਵਿਚੋਂ ਲੰਘੇ ਹਨ । ਅੱਗੇ ਹੀ ਦਸ ਹਫਤੇ ਕੰਮ ਨਹੀਂ ਹੁੰਦਾ ਜੇਕਰ 16 ਸਟੈਂਪਾਂ ਕਰ ਦਿਤੀਆਂ ਗਈਆਂ ਤਾਂ ਬਹੁਤੇ ਕਾਮੇ ਬੇਰੁਜ਼ਗਾਰੀ ਭੱਤਾ ਲੈ ਹੀ ਨਹੀਂ ਸਕਣਗੇ ।

ਇਸ ਲਈ ਜ਼ਰੂਰੀ ਹੈ ਕਿ ਸਾਡੇ ਲੋਕਾਂ ਨਾਲ ਸਬੰਧਤ ਸਾਰੀਆਂ ਜਥੇਬੰਦੀਆਂ ਇਸ ਘੋਲ ਵਿਚ ਸ਼ਾਮਲ ਹੋਣ ਅਤੇ ਫੈਡਰਲ ਸਰਕਾਰ ਨੂੰ ਮਜ਼ਬੂਰ ਕੀਤਾ ਜਾਵੇ ਕਿ ਉਹ ਇਸ ਕਾਨੂੰਨ ਨੂੰ ਵਾਪਸ ਲਵੇ ।

# "ਖਾਲਿਸਤਾਨ" ਦਾ ਐਲਾਨ ਤੇ ਉਸ ਪਿੱਛੋਂ

—ਪ੍ਰੋ: ਪਿਆਰਾ ਸਿੰਘ ਭੋਗਲ—

29 ਅਪਰੈਲ 1986 ਨੂੰ ਦਮਦਮੀ ਟਕਸਾਲ ਦੀ ਪੰਜ ਮੈਂਬਰੀ "ਪੰਥਕ ਕਮੇਟੀ" ਨੇ ਸ੍ਰੀ ਹਰਿਮੰਦਰ ਸਾਹਿਬ ਵਿਚ "ਖਾਲਿਸਤਾਨ" ਦਹ ਸਥਾਪਨਾ ਦੇ ਐਲਾਨ ਨਾਲ ਇਹ ਵੀ ਐਲਾਨ ਕੀਤਾ ਕਿ ਛੇਤੀ ਹੀ "ਖਾਲਿਸਤਾਨ" ਦਾ ਪ੍ਰਧਾਨ ਮੰਤਰੀ ਨਿਯੁਕਤ ਕੀਤਾ ਜਾਏਗਾ । ਅਮਰੀਕਾ, ਬਰਤਾਨੀਆ ਅਤੇ ਪਾਕਿਸਤਾਨ ਸਮੇਤ ਕਈ ਦੇਸ਼ਾਂ ਨੂੰ ਅਪੀਲ ਕੀਤੀ ਕਿ ਉਹ "ਖਾਲਿਸਤਾਨ" ਦੀ ਸਰਕਾਰ ਨੂੰ ਮਾਨਤਾ ਦੇਣ ।

## ਘਟਨਾਵਾਂ ਦਾ ਸੰਕੇਤ

ਇਹ ਪੰਥਕ ਕਮੇਟੀ 26 ਜਨਵਰੀ 1986 ਨੂੰ ਅਕਾਲ ਤਖਤ ਸਾਹਿਬ ਸਾਹਮਣੇ "ਸਰਬੱਤ ਖਾਲਸਾ" ਕਰ ਕੇ ਸਥਾਪਤ ਕੀਤੀ ਗਈ ਸੀ । ਉਦੋਂ ਤੋਂ ਅਕਾਲ ਤਖਤ ਦੀ ਕਾਰ ਸੇਵਾ ਇਸ ਕਮੇਟੀ ਦੇ ਹੱਥ ਸੀ । ਭਾਵੇਂ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਫਤਰ ਕੰਮ ਕਰ ਰਹੇ ਸਨ ਤਾਂ ਵੀ ਵਿਵਹਾਰਕ ਤੌਰ 'ਤੇ ਸਾਰਾ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਦਮਦਮੀ ਟਕਸਾਲ ਅਤੇ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਦੇ ਅਧਿਕਾਰ ਵਿਚ ਸੀ । ਲੌਂਗੋਵਾਲ ਅਕਾਲੀ ਦਲ ਦਾ ਅਧਿਕਾਰ ਖੇਤਰ ਇਥੇ ਲਗਭਗ ਖਤਮ ਸੀ । ਅਕਾਲ ਤਖਤ ਦਾ ਨਵਾਂ ਜਥੇਦਾਰ ਵੀ ਭਾਈ ਗੁਰਦੇਵ ਸਿੰਘ ਨੂੰ 26 ਜਨਵਰੀ ਦੇ ਸਰਬੱਤ ਖਾਲਸਾ ਨੇ ਸਥਾਪਤ ਕਰ ਦਿਤਾ ਸੀ, ਭਾਵੇਂ ਕਿ ਅਪਰੈਲ ਮਹੀਨੇ ਦੀਆਂ ਘਟਨਾਵਾਂ ਨੇ ਸੰਕੇਤ ਦਿਤੇ ਸਨ ਕਿ ਪੰਥਕ ਕਮੇਟੀ ਅਤੇ ਭਾਈ ਗੁਰਦੇਵ ਸਿੰਘ ਵਿਚਕਾਰ ਮਤਭੇਦ ਪੈਦਾ ਹੋ ਗਏ ਹਨ । 15 ਫਰਵਰੀ 1986 ਨੂੰ ਆਨੰਦਪੁਰ ਸਾਹਿਬ ਵਿਚ ਇਕ ਹੋਰ "ਸਰਬੱਤ ਖਾਲਸਾ" ਹੋਇਆ ਸੀ, ਜਿਹੜਾ ਗਿਆਨੀ ਕਿਰਪਾਲ ਸਿੰਘ, ਗਿਆਨੀ ਸਾਹਿਬ ਸਿੰਘ ਅਤੇ ਦੂਜੇ ਸਿੰਘ ਸਾਹਿਬਾਨ ਨੇ, ਜਿਨ੍ਹਾਂ ਨੂੰ 26 ਜਨਵਰੀ ਦੇ ਸਰਬੱਤ ਖਾਲਸਾ ਨੇ ਜਾਂ ਬਰਖਾਸਤ ਕਰ ਦਿਤਾ ਸੀ ਜਾਂ ਜਿਨ੍ਹਾਂ ਨੂੰ ਪੇਸ਼ੀ ਦਾ ਹੁਕਮ ਦਿਤਾ ਸੀ, ਬੁਲਾਇਆ ਸੀ । ਇਸ ਨੇ 26 ਜਨਵਰੀ ਦੇ ਸਰਬੱਤ ਖਾਲਸਾ ਦੇ ਫੈਸਲੇ ਰੱਦ ਕਰ ਦਿਤੇ ਸਨ ਤੇ ਸ. ਬਰਨਾਲਾ ਨੂੰ ਆਦੇਸ਼ ਅਤੇ ਅਧਿਕਾਰ ਦਿਤਾ ਸੀ ਕਿ ਹਰਿਮੰਦਰ ਸਾਹਿਬ ਕੰਪਲੈਕਸ ਖਾਲੀ ਕਰਵਾਇਆ ਜਾਏ ।

ਪਰ 29 ਅਪਰੈਲ ਤਕ ਬਰਨਾਲਾ ਸਰਕਾਰ ਅਤੇ ਲੌਂਗੋਵਾਲ ਅਕਾਲੀ ਦਲ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਬੈਠੇ ਸੱਜਣਾਂ ਵਿਰੁੱਧ ਕੋਈ ਕਾਰਵਾਈ ਕਰਨ ਦੇ ਫੈਸਲੇ ਨੂੰ ਟਾਲਦੇ ਰਹੇ । ਨਾ ਅਕਾਲੀ ਦਲ ਨੇ ਕੋਈ ਸ਼ਹੀਦੀ ਜਥੇ ਭੇਜੇ, ਜਿਵੇਂ 15 ਫਰਵਰੀ ਦੀ ਸਰਬੱਤ ਖਾਲਸਾ ਕਨਵੈਨਸ਼ਨ ਤੋਂ ਬਾਅਦ ਕਿਹਾ ਗਿਆ ਸੀ ਤੇ ਨਾ ਸਰਕਾਰ ਨੇ ਸੁਰੱਖਿਆ ਦਸਤੇ ਭੇਜਣ ਦੀ ਕਾਹਲ ਕੀਤੀ । ਸਪਸ਼ਟ ਸੀ ਕਿ ਲੌਂਗੋਵਾਲ ਅਕਾਲੀ ਦਲ ਅਤੇ ਬਰਨਾਲਾ ਸਰਕਾਰ ਦੋਵੇਂ ਹੀ ਇਸ ਨੂੰ ਔਖਾ ਅਤੇ ਨਾ-ਖੁਸ਼ਗਵਾਰ ਕੰਮ ਸਮਝਦੇ ਸਨ । ਖੂਨ-ਖਰਾਬੇ ਦਾ ਡਰ ਸੀ । ਪੁਲੀਸ ਭੇਜਣ ਦੀ ਸੂਰਤ ਵਿਚ ਧਾਰਮਿਕ ਅਸਥਾਨ ਦੀ ਪਵਿੱਤਰਤਾ ਭੰਗ ਹੋਣ ਦਾ ਡਰ ਸੀ । ਕੇਂਦਰੀ ਸਰਕਾਰ ਅਤੇ ਗੈਰ-ਸਿੱਖ ਲੋਕ ਬਰਨਾਲਾ ਸਰਕਾਰ ਉਤੇ ਨਰਮੀ ਦਾ ਦੋਸ਼ ਲਾਉਂਦੇ ਰਹੇ । ਸੱਤ ਅਪਰੈਲ 1986 ਨੂੰ ਦਿੱਲੀ ਵਿਚ ਹੋਈ "ਰਾਸ਼ਟਰੀ ਏਕਤਾ ਪ੍ਰੀਸ਼ਦ" ਨੇ, ਜਿਸ ਵਿਚ ਸਭ ਪਾਰਟੀਆਂ ਦੇ ਪ੍ਰਤੀਨਿਧ ਅਤੇ ਮੁੱਖ ਮੰਤਰੀ ਸ਼ਾਮਲ ਸਨ, ਮੁੱਖ ਵਿਸ਼ਾ ਪੰਜਾਬ ਵਿਚ ਹੋ ਰਹੀ ਹਿੰਸਾ ਨੂੰ ਅਤੇ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਬੈਠੇ ਦਮਦਮੀ ਟਕਸਾਲ ਤੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਹੀ ਬਣਾਈ ਰੱਖਿਆ । ਪ੍ਰਭਾਵ ਇਹ ਦਿੱਤਾ ਗਿਆ ਕਿ ਭਾਰਤ ਦੇ ਸਾਹਮਣੇ ਇਕੋ ਇਕ ਮਸਲਾ ਪੰਜਾਬ ਦਾ ਹੈ ਤੇ ਇਹ ਮਸਲਾ ਪੰਜਾਬ ਦੇ ਹਿੰਸਾਵਾਦੀ ਤੱਤਾਂ ਨੇ ਹੀ ਪੈਦਾ ਕੀਤਾ ਹੋਇਆ ਹੈ । ਫੇਰ ਵੀ, ਵਾਪਸ ਆ ਕੇ ਬਰਨਾਲਾ ਸਾਹਿਬ ਨੇ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਕੋਈ ਕਾਰਵਾਈ ਕਰਨ ਦੀ ਉਤਾਵਲ ਨਾ ਦਿਖਾਈ । ਹਾਂ, ਪੁਲੀਸ ਮੁਖੀ ਜ਼ਰੂਰ ਬਦਲਿਆ ਗਿਆ ਤੇ ਨਵੇਂ ਪੁਲੀਸ ਮੁਖੀ ਸ੍ਰੀ ਰਿਬੈਰੋ ਨੇ ਪੁਲੀਸ ਨੂੰ ਕੁਝ ਸਖਤੀ ਕਰਨ ਲਈ ਆਖਿਆ

ਪਰ 29 ਅਪਰੈਲ 1986 ਨੂੰ ਪੰਜ ਮੈਂਬਰੀ ਪੰਥਕ ਕਮੇਟੀ ਨੇ "ਖਾਲਿਸਤਾਨ" ਦਾ ਐਲਾਨ ਕਰਕੇ ਸ. ਬਰਨਾਲਾ ਲਈ ਨਾਜ਼ਕ ਸਥਿਤੀ ਪੈਦਾ ਕਰ ਦਿੱਤੀ । ਸਾਰੇ ਦੇਸ਼ ਦੇ ਸਿੱਖਾਂ ਦੀ ਖਾਸ ਤੌਰ 'ਤੇ ਪੰਜਾਬ ਤੋਂ ਬਾਹਰ ਵਸਦੇ ਸਿੱਖਾਂ ਦੀ ਹਾਲਤ ਬੜੀ ਖਤਰੇ ਭਰਪੂਰ ਅਤੇ ਸ਼ੰਕਾ ਭਰਪੂਰ ਬਣਾ ਦਿੱਤੀ । ਇਕ ਤਰ੍ਹਾਂ ਦੇਖਿਆ ਜਾਏ ਤਾਂ ਇਹ ਸਿਰਫ ਕਾਗਜ਼ੀ ਐਲਾਨ ਹੀ ਸੀ, ਅਖਬਾਰੀ ਖਬਰ ਹੀ ਸੀ; ਭਾਰਤ ਨੂੰ ਜਾਂ ਪੰਜਾਬ ਨੂੰ ਜਾਂ ਸਿੱਖਾਂ ਦੀ ਹਾਲਤ ਨੂੰ ਇਸ ਐਲਾਨ ਨਾਲ ਕੀ ਫਰਕ ਪੈਂਦਾ ਸੀ ? ਇਸ ਨੂੰ ਨਜ਼ਰ ਅੰਦਾਜ਼ ਕਰ ਦਿਤਾ ਜਾਂਦਾ । ਪਰ ਕੇਂਦਰ ਸਰਕਾਰ ਅਤੇ ਭਾਰਤ ਦੇ ਗੈਰ-ਸਿਖ ਲੋਕ ਪੰਜਾਬ ਵਿਚ ਲਗਾਤਾਰ ਹੋ ਰਹੀ ਹਿੰਸਾ ਬਾਰੇ ਫਿਕਰਮੰਦ ਸਨ, ਭੈ-ਭੀਤ ਸਨ, ਉਹ ਖਾਲਿਸਤਾਨ ਦੇ ਇਸ ਐਲਾਨ ਨੂੰ ਬਹੁਤ ਵੱਡੀ ਭੜਕਾਊ ਅਤੇ ਖਤਰੇ ਭਰਪੂਰ ਗੱਲ ਸਮਝਦੇ ਸਨ । ਜਿਸ ਵੇਲੇ ਐਲਾਨ ਹੋਇਆ, ਭਾਰਤ ਦੀ ਅਗਲੀ ਸਿੱਖਿਆ ਨੀਤੀ ਬਾਰੇ ਵਿਚਾਰ ਕਰਨ ਲਈ ਦਿੱਲੀ ਵਿਚ ਰਾਸ਼ਟਰੀ ਵਿਕਾਸ ਪ੍ਰੀਸ਼ਦ ਦੀ ਇਕੱਤਰਤਾ ਹੋ ਰਹੀ ਸੀ । ਇਸ ਵਿਚ ਵੀ ਸੂਬਿਆਂ ਦੇ ਮੁੱਖ ਮੰਤਰੀ ਅਤੇ ਸਿੱਖਿਆ ਮੰਤਰੀ ਸ਼ਾਮਲ ਸਨ । ਅਨੁਮਾਨ ਲਾਉ, ਸ. ਸੁਰਜੀਤ ਸਿੰਘ ਬਰਨਾਲਾ ਦੀ ਕੀ ਹਾਲਤ ਹੋਵੇਗੀ, ਜਿਨ੍ਹਾਂ ਦੇ ਸੂਬੇ ਵਿਚ ਹਰਿਮੰਦਰ ਸਾਹਿਬ ਵਰਗੇ ਇਤਿਹਾਸਕ ਸਥਾਨ ਉਤੇ ਬੈਠ ਕੇ, ਜਿਥੋਂ ਦੇ ਸੰਦੇਸ਼ ਸਿਖ ਪੰਥ ਲਈ ਵਿਸ਼ੇਸ਼ ਖਿੱਚ ਅਤੇ ਸਤਿਕਾਰ ਰੱਖਦੇ ਹਨ, ਪੰਥਕ ਕਮੇਟੀ "ਖਾਲਿਸਤਾਨ" ਦਾ ਐਲਾਨ ਕਰੇ ! ਸੁਭਾਵਕ ਹੀ, ਕੇਂਦਰ ਸਰਕਾਰ ਵਾਂਗ ਸ. ਸੁਰਜੀਤ ਸਿੰਘ ਬਰਨਾਲਾ ਦੇ ਸਬਰ ਦਾ ਪਿਆਲਾ ਵੀ ਛਲਕ ਪਿਆ । ਤੁਰਤ ਪੁਲੀਸ ਕਾਰਵਾਈ ਦਾ ਫੈਸਲਾ ਕਰ ਲਿਆ ਗਿਆ ।

30 ਅਪਰੈਲ 1986 ਦੀ ਸ਼ਾਮ ਦੇ ਸਾਢੇ ਚਾਰ ਵਜੇ ਪੰਜਾਬ ਪੁਲੀਸ ਅਤੇ ਹੋਰ ਸੁਰੱਖਿਆ ਦਸਤੇ ਹਰਿਮੰਦਰ ਸਾਹਿਬ ਕੰਪਲੈਕਸ ਵਿਚ ਚਲੇ ਗਏ । ਪਹਿਲਾਂ ਬਾਹਰ ਦੀਆਂ ਰਿਹਾਇਸ਼ੀ ਅਤੇ ਦਫਤਰੀ ਇਮਾਰਤਾਂ ਗੁਰੂ ਨਾਨਕ ਨਿਵਾਸ ਅਤੇ ਅਕਾਲ ਰੈਸਟ ਹਾਊਸ ਆਦਿ ਦੇ ਕਮਰਿਆਂ ਦੀ ਤਲਾਸ਼ੀ ਲਈ ਗਈ । ਫੇਰ ਹਰਿਮੰਦਰ ਸਾਹਿਬ ਦੀਆਂ ਪਰਿਕਰਮਾ ਵਿਚ ਪਰਵੇਸ਼ ਕੀਤਾ ਗਿਆ । ਅਗਲੀ ਸਵੇਰ ਛੇ ਵਜੇ ਤਕ ਪਰਿਕਰਮਾ ਤੇ ਇਸ ਦੇ ਨਾਲ ਲਗਦੇ ਕਮਰਿਆਂ ਵਿਚ ਪਕੜ-ਧਕੜ ਜਾਰੀ ਰਹੀ । ਜਿਨ੍ਹਾਂ ਲੋਕਾਂ ਨੇ ਦਰਸ਼ਨੀ ਡਿਉਢੀ ਲੰਘ ਕੇ ਹਰਿਮੰਦਰ ਸਾਹਿਬ ਦੇ ਅੰਦਰ ਪਨਾਹ ਲੈ ਲਈ ਸੀ, ਉਨ੍ਹਾਂ ਨੂੰ ਗਿਆਨੀ ਪੂਰਨ ਸਿੰਘ ਰਾਹੀਂ ਬਾਹਰ ਆਉਣ ਲਈ ਮਨਾ ਕੇ ਗ੍ਰਿਫਤਾਰ ਕਰ ਲਿਆ ਗਿਆ । ਇਨ੍ਹਾਂ ਵਿਚ ਭਾਈ ਗੁਰਦੇਵ ਸਿੰਘ ਵੀ ਸ਼ਾਮਲ ਸਨ । "ਖਾਲਿਸਤਾਨ" ਦਾ ਐਲਾਨ ਕਰਨ ਵਾਲੀ ਕਮੇਟੀ ਨਹੀਂ ਪਕੜੀ ਗਈ ਕਿਉਂਕਿ ਸਰਕਾਰ ਦੇ ਕਹਿਣ ਦੇ ਮੁਤਾਬਕ ਉਹ ਪਹਿਲਾਂ ਹੀ (29 ਤੇ 30 ਅਪਰੈਲ ਦੀ ਵਿਚਕਾਰਲੀ ਰਾਤ ਨੂੰ) ਇਥੋਂ ਨਿਕਲ ਗਈ ਸੀ ।

## ਧੜੇਬੰਦੀ

"ਖਾਲਿਸਤਾਨ" ਦਾ ਐਲਾਨ ਜਲਦੀ ਨਾਲ ਕਿਉਂ ਕੀਤਾ ਗਿਆ ? ਇਸ ਦਾ ਕੀ ਲਾਭ ਹੋਇਆ ? ਇਸ ਦਾ ਉਤਰ ਤਾਂ ਐਲਾਨ ਕਰਨ ਵਾਲੇ ਹੀ ਜਾਣਦੇ ਹਨ । ਇਕ ਅਨੁਮਾਨ ਹੈ ਕਿ ਕਿਉਂਕਿ ਦਮਦਮੀ ਟਕਸਾਲ ਅਤੇ ਆਲ ਇੰਡੀਆ ਸਿਖ ਸਟੂਡੈਂਟਸ ਫੈਡਰੇਸ਼ਨ ਵਿਚ ਧੜੇਬੰਦੀ ਪੈਦਾ ਹੋ ਚੁੱਕੀ ਸੀ, ਇਕ ਧੜਾ ਦੂਜੇ ਧੜੇ ਉਤੇ ਬਾਜ਼ੀ ਲੈਣ ਦਾ ਯਤਨ ਕਰ ਰਿਹਾ ਸੀ । "ਖਾਲਿਸਤਾਨ" ਬਾਰੇ ਇਹ ਐਲਾਨ ਵੀ ਇਕ ਧੜੇ ਦਾ ਦੂਜੇ ਧੜੇ ਨੂੰ ਮਾਤ ਪਾ ਦੇਣ ਦਾ ਯਤਨ ਹੀ ਸੀ । ਇਕ ਸਮਾਚਾਰ ਏਜੰਸੀ ਨੇ ਖਬਰ ਦਿੱਤੀ ਹੈ ਕਿ ਪਾਕਿਸਤਾਨ ਨੇ ਧਮਕੀ ਦਿਤੀ ਸੀ ਕਿ ਜੇ ਛੇਤੀ "ਖਾਲਿਸਤਾਨ" ਦਾ ਐਲਾਨ ਨਾ ਕੀਤਾ ਗਿਆ ਤਾਂ ਅਸੀਂ ਤੁਹਾਨੂੰ ਸਹਾਇਤਾ ਦੇਣੀ ਬੰਦ ਕਰ ਦਿਆਂਗੇ ।

ਪਰ ਇਸ ਐਲਾਨ ਨੇ ਸਿੱਖਾਂ ਲਈ ਅਕਾਲੀਆਂ ਲਈ ਅਤੇ ਪੰਜਾਬ ਲਈ ਮੁਸ਼ਕਲਾਂ ਅਤੇ ਉਲਝਣਾਂ ਪੈਦਾ ਕਰ ਦਿੱਤੀਆਂ ਹਨ ।

ਸਭ ਤੋਂ ਪਹਿਲਾ ਝਟਕਾ ਪੰਜਾਬ ਵਿਧਾਨ ਸਭਾ ਦੀ ਅਕਾਲੀ ਪਾਰਟੀ ਨੂੰ ਵੱਜਾ । ਤਿੰਨ ਮੰਤਰੀ ਸ. ਅਮਰਿੰਦਰ ਸਿੰਘ, ਸ. ਸੁਖਜਿੰਦਰ ਸਿੰਘ ਅਤੇ ਸ. ਸੁੱਚਾ ਸਿੰਘ ਛੋਟੇਪੁਰ ਮੰਤਰੀ ਮੰਡਲ ਤੋਂ ਅਸਤੀਫਾ ਦੇ ਗਏ । ਦੋ ਵੱਡੇ ਆਗੂ ਸ. ਪ੍ਰਕਾਸ਼ ਸਿੰਘ ਬਾਦਲ ਤੇ ਸ. ਗੁਰਚਰਨ ਸਿੰਘ ਟੌਹੜਾ ਨਾ ਕੇਵਲ ਅਕਾਲੀ ਦਲ ਦੀ ਵਰਕਿੰਗ ਕਮੇਟੀ ਤੋਂ ਅਸਤੀਫਾ ਦੇ ਗਏ ਸਗੋਂ ਸ. ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਨਾਲ ਦੋ ਦਰਜਨ ਤੋਂ ਵੱਧ ਅਕਾਲੀ ਵਿਧਾਇਕਾਂ ਦੀ ਵਫਾਦਾਰੀ ਦਿਖਾ ਕੇ ਸਿੱਧ ਕਰਨ ਦਾ ਦਾਅਵਾ ਕੀਤਾ ਕਿ ਪੰਜਾਬ ਵਿਧਾਨ ਸਭਾ ਦੀ ਬਹੁਗਿਣਤੀ ਸ. ਸੁਰਜੀਤ ਸਿੰਘ ਬਰਨਾਲਾ ਨਾਲ ਨਹੀਂ । ਇਸ ਲਈ ਉਨ੍ਹਾਂ ਨੂੰ ਅਸਤੀਫਾ ਦੇਣਾ ਚਾਹੀਦਾ ਹੈ ਪਰ ਕਿਉਂਕਿ ਦੇਸ਼ ਭਰ ਦੀਆਂ ਸਰਕਾਰੀ ਤੇ ਵਿਰੋਧੀ ਸਾਰੀਆਂ ਪਾਰਟੀਆਂ ਪੰਜਾਬ ਵਿਚ ਚਲ ਰਹੀ ਹਿੰਸਾ ਦੇ ਖਿਲਾਫ ਹਨ, "ਖਾਲਿਸਤਾਨ" ਦੇ ਐਲਾਨ ਦੇ ਖਿਲਾਫ ਹਨ, ਇਸ ਲਈ ਪੰਜਾਬ ਵਿਧਾਨ ਸਭਾ ਦੀਆਂ ਵਿਰੋਧੀ ਪਾਰਟੀ ਪੰਜਾਬ ਦੇ ਰਾਜਪਾਲ ਨੂੰ ਕਹਿ ਆਈਆਂ ਕਿ ਪੰਜਾਬ ਵਿਧਾਨ ਸਭਾ ਵਿਚ ਅਸੀਂ ਸ. ਬਰਨਾਲਾ ਦਾ ਸਾਥ ਦਿਆਂਗੀਆਂ । ਇਸੇ ਦੌਰਾਨ ਸ. ਸੁਰਜੀਤ ਸਿੰਘ ਬਰਨਾਲਾ ਨੇ ਆਪਣੇ ਮੰਤਰੀ ਮੰਡਲ ਵਿਚ ਵਿਸਥਾਰ ਕਰ ਲਿਆ ਤੇ ਇਹ ਵੀ ਸਾਬਤ ਕਰ ਦਿਤਾ ਕਿ ਪੰਜਾਬ ਵਿਧਾਨ ਸਭਾ ਦੀ ਅਕਾਲੀ ਪਾਰਟੀ ਦਾ ਜੇ ਜ਼ਿਆਦਾ ਨਹੀਂ ਤਾਂ ਦੋ ਤਿਹਾਈ ਹਿੱਸਾ ਮੇਰੇ ਨਾਲ ਹੈ । ਤਾਂ ਵੀ ਅਕਾਲੀ ਨੇਤਾਵਾਂ

ਬਾਕੀ ਪੰਨਾ 5 ਉਤੇ


## ਵਕੀਲ ਅਤੇ ਨੋਟਰੀ ਪਬਲਿਕ

Donald W.H. Yerka B. Com. LLB.

(ਡੋਨਲਡ ਯਰਕਾ)

ਆਈ. ਸੀ. ਬੀ. ਸੀ. ਕਲੇਮ, ਇਨਸ਼ੋਰੈਂਸ ਕਲੇਮ, ਤਲਾਕ, ਪ੍ਰਵਾਰਕ ਮਾਮਲੇ, ਇਮਪੇਅਰਿਡ ਡਰਾਈਵਿੰਗ, ਫੌਜਦਾਰੀ ਕੇਸ, ਜ਼ਮੀਨ ਖ੍ਰੀਦਣ ਜਾਂ ਵੇਚਣ ਦੇ ਕਾਗਜ਼ਾਤ

ਪੰਜਾਬੀ ਵਿਚ ਗੱਲਬਾਤ ਲਈ ਪੂਰਾ ਪ੍ਰਬੰਧ

#210 - 535 W. 10th Ave.
Vancouver, B.C. Ph. 873-5225

## ਇਮੀਗਰੇਸ਼ਨ ਅਤੇ ਸਿਟੀਜ਼ਨਸ਼ਿਪ ਲਈ

ਇਮੀਗਰੇਸ਼ਨ ਅਤੇ ਸਿਟੀਜ਼ਨਸ਼ਿਪ ਦੇ ਮਾਮਲੇ, ਅਰਜ਼ੀ ਭਰਨੀ, ਰਿਸ਼ਤੇਦਾਰ ਨੂੰ ਸਪੌਂਸਰ ਕਰਨਾ, ਰਿਫੀਊਜ਼ੀ ਕਲੇਮ, ਇਨਕੁਆਰੀ ਅਤੇ ਅਪੀਲਾਂ ਲਈ ਮੁਫ਼ਤ ਮਸ਼ਵਰੇ ਲਈ ਮਿਲੋ

ਬਾਬੂ ਜਿਮ ਨਰਾਇਣ

ਜਿਨ੍ਹਾਂ ਦਾ ਇਮੀਗਰੇਸ਼ਨ ਦੇ ਮਾਮਲਿਆਂ ਵਿਚ 18 ਸਾਲ ਦਾ ਤਜਰਬਾ ਹੈ

ਹਿੰਦੀ ਤੇ ਪੰਜਾਬੀ ਵਿਚ ਗੱਲਬਾਤ ਕਰੋ

Tel. (ਟੈਲੀਫੋਨ) 873-9441

ਪਤਾ :

#210 - 535 W. 10th Ave. Vancouver, B.C.

ਪੰਨਾ 4 ਦੀ ਬਾਕੀ

ਨੇ ਆਪਣੀ ਪਾਰਟੀ ਅੰਦਰ ਸੰਕਟ ਖੜ੍ਹਾ ਕਰਕੇ ਆਪਣੀ ਪਾਰਟੀ ਕਮਜ਼ੋਰ ਕੀਤੀ ਹੈ ਤੇ ਮੁਸ਼ਕਲ ਵਕਤ ਉਤੇ ਪੰਜਾਬ ਸਰਕਾਰ ਨੂੰ ਹਿਲਾਉਣ ਦਾ ਯਤਨ ਕੀਤਾ ਹੈ।

### ਉਲਝਣ

ਦੂਜੀ ਤੇ ਸਭ ਤੋਂ ਵੱਡੀ ਉਲਝਣ ਸਮੁੱਚੀ ਸਿੱਖ ਜਾਤੀ ਲਈ ਖੜ੍ਹੀ ਹੋਈ ਹੈ। ਸਿੱਖ ਜਾਤੀ ਕੀ ਚਾਹੁੰਦੀ ਹੈ ? ਇਸ ਬਾਰੇ ਭੁਲੇਖੇ ਪਹਿਲਾਂ ਵੀ ਹਨ। ਹੁਣ ਹੋਰ ਵਧ ਗਏ ਹਨ। ਸਭ ਤੋਂ ਮਾੜੀ ਗੱਲ ਇਹ ਹੈ ਕਿ ਸਿੱਖ ਜਾਤੀ ਨਾਲ ਅਤੇ ਪੰਜਾਬ ਨਾਲ ਕੀਤੀਆਂ ਗਈਆਂ ਜ਼ਿਆਦਤੀਆਂ ਅੱਖੋਂ ਓਹਲੇ ਹੋ ਗਈਆਂ ਹਨ ਤੇ "ਖਾਲਿਸਤਾਨ" ਦਾ ਐਲਾਨ ਅਤੇ ਆਪਣੇ ਹੀ ਮੁੱਖ ਮੰਤਰੀ ਵਿਰੁਧ ਅਕਾਲੀ ਨੇਤਾਵਾਂ ਦੀ ਬਗਾਵਤ ਚਰਚਾ ਦਾ ਵਿਸ਼ਾ ਬਣ ਗਈ ਹੈ। ਇਹ ਨਹੀਂ ਭੁੱਲਣਾ ਚਾਹੀਦਾ ਕਿ ਪੰਜਾਬ ਦਾ ਅਤੇ ਸਿੱਖਾਂ ਦਾ ਸੰਕਟ ਜੋ ਪਿਛਲੇ ਕਈ ਸਾਲਾਂ ਤੋਂ ਉਲਝਦਾ ਹੀ ਗਿਆ ਹੈ, ਕਾਂਗਰਸ ਪਾਰਟੀ ਦੀਆਂ ਗਲਤ ਨੀਤੀਆਂ ਦਾ ਫਲ ਹੈ। ਪਹਿਲਾਂ ਪੰਜਾਬੀ ਸੂਬਾ ਵੇਲੇ ਸਿਰ ਨਾ ਬਣਿਆ, ਉਲਟਾ ਪੰਜਾਬ ਦੇ ਹਿੰਦੂਆਂ ਸਿੱਖਾਂ ਨੂੰ ਪਾੜ ਕੇ ਰੱਖਣ ਦਾ ਯਤਨ ਕੀਤਾ ਗਿਆ। ਜੇ ਪੰਜਾਬੀ ਸੂਬਾ ਬਣਿਆ ਹੀ ਤਾਂ ਚੰਡੀਗੜ੍ਹ ਅਤੇ ਪੰਜਾਬੀ ਬੋਲਦੇ ਇਲਾਕੇ ਬਾਹਰ ਕੱਢ ਲਏ ਗਏ, ਜਿਨ੍ਹਾਂ ਦੀ ਖਾਤਰ ਕਦੇ ਸੰਤ ਫਤਹਿ ਸਿੰਘ ਨੇ ਮਰਨ ਵਰਤ ਰੱਖੇ, ਕਦੇ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਮੋਰਚਾ ਲਾਇਆ। ਫੇਰ, 1980 ਤੋਂ ਬਾਅਦ ਜੇ ਅਕਾਲੀਆਂ ਨੇ ਧਰਮ-ਯੁੱਧ ਮੋਰਚਾ ਲਾਇਆ, ਜਿਸ ਵਿਚ ਕੁਝ ਅਕਾਲੀਆਂ ਦੀ ਆਪਣੀ ਗਲਤੀ ਨਾਲ ਤੇ ਕੁਝ ਕਾਂਗਰਸ ਦੀ ਸ਼ਹਿ ਨਾਲ ਹਿੰਸਾਵਾਦੀ ਤੱਤ ਖਲਤ-ਮਲਤ ਹੋ ਗਏ, ਤਾਂ ਸ੍ਰੀਮਤੀ ਇੰਦਰਾ ਗਾਂਧੀ ਨੇ ਜਾਣ ਬੁੱਝ ਕੇ ਸਮਝੌਤੇ ਨੂੰ ਟਾਲਣ ਦੀ ਕੋਸ਼ਿਸ਼ ਕੀਤੀ ਤਾਂ ਕਿ ਵੇਲੇ ਸਿਰ ਪੰਜਾਬ ਦੇ ਮਸਲੇ ਨੂੰ ਵੋਟ ਲੈਣ ਲਈ ਵਰਤਿਆ ਜਾ ਸਕੇ ਜਿਸ ਵੋਟ-ਨੀਤੀ ਦੇ ਜ਼ਹਿਰੀਲੀ ਨਤੀਜੇ ਨਿਕਲੇ। ਨੀਲਾ ਤਾਰਾ ਸਾਕਾ ਹੋਇਆ। ਨਵੰਬਰ 1984 ਦੇ ਦੰਗੇ ਹੋਏ। ਸਿੱਖਾਂ ਨਾਲ ਜ਼ੁਲਮ ਵੀ ਹੋਇਆ। ਸਿੱਖ ਬਦਨਾਮ ਵੀ ਹੋਏ। ਸਭ ਤੋਂ ਮਾੜੀ ਗੱਲ ਇਹ ਹੋਈ ਕਿ ਸਿੱਖਾਂ ਬਦਲਾ ਲਊ ਤੇ ਗੁੱਸੇ ਦੀਆਂ ਭਾਵਨਾਵਾਂ ਭੜਕੀਆਂ, ਜਿਨ੍ਹਾਂ ਦੀ ਮੌਜੂਦਗੀ ਵਿਚ ਵਿਅਕਤੀ ਠੰਡੇ ਮਨ ਨਾਲ ਸੋਚਦਾ ਨਹੀਂ; ਆਪਣਾ ਕਸੂਰ ਜੇ ਹੈ, ਤਾਂ ਮੰਨਦਾ ਨਹੀਂ, ਸਾਰਾ ਦੋਸ਼ ਦੂਜਿਆਂ ਦੇ ਸਿਰ ਮੜ੍ਹਦਾ ਹੈ। "ਖਾਲਿਸਤਾਨ" ਦੇ ਐਲਾਨ ਨੇ ਗੱਲ ਹੋਰ ਗੁੰਝਲਦਾਰ ਬਣਾ ਦਿਤੀ ਹੈ। ਕਥਿਤ ਖਾਲਿਸਤਾਨੀਆਂ ਨੂੰ ਗੁਰਦੁਆਰੇ ਵਿਚੋਂ ਕੱਢਣ ਦੀ ਬਰਨਾਲਾ ਸਰਕਾਰ ਦੀ ਮਜ਼ਬੂਰੀ ਨੇ ਸਿੱਖਾਂ ਵਿਚ ਨਾਰਾਜ਼ਗੀ ਦੀਆਂ ਭਾਵਨਾਵਾਂ ਭੜਕਾ ਦਿੱਤੀਆਂ ਹਨ। ਹਿੰਸਾ ਪਹਿਲਾਂ ਵਾਂਗ ਹੀ ਜਾਰੀ ਹੈ।

ਠੰਡੇ ਮਨ ਨਾਲ ਸੋਚਣ ਦੀ ਲੋੜ ਹੈ ਕਿ ਬਹੁਤੀਆਂ ਤੱਤੀਆਂ ਨੀਤੀਆਂ ਨਾ ਸਿੱਖਾਂ ਦਾ ਕੁਝ ਸਵਾਰ ਰਹੀਆਂ ਹਨ, ਨਾ ਪੰਜਾਬ ਦਾ। ਜਿਨਾਂ ਕਥਿਤ ਸ਼ਤਰੂਆਂ ਵਿਰੁੱਧ ਇਹ ਨੀਤੀਆਂ ਚਲਾਈਆਂ ਜਾ ਰਹੀਆਂ ਹਨ, ਉਨ੍ਹਾਂ ਦਾ ਇਹ ਕੁਝ ਵਿਗਾੜ ਨਹੀਂ ਰਹੀਆਂ। ਪਹਿਲਾਂ ਸ੍ਰੀਮਤੀ ਇੰਦਰਾ ਗਾਂਧੀ ਦੀ ਕਾਂਗਰਸ ਸਰਕਾਰ ਰਾਜ ਕਰਦੀ ਸੀ ਹੁਣ ਸ੍ਰੀ ਰਾਜੀਵ ਗਾਂਧੀ ਦੀ ਸਰਕਾਰ ਰਾਜ ਕਰ ਰਹੀ ਹੈ ਪੰਜਾਬ ਦੀਆਂ ਸਾਂਝੀਆਂ ਲੋਕਤੰਤਰੀ ਮੰਗਾਂ ਖਟਾਈ ਵਿਚ ਪਈਆਂ ਹੋਈਆਂ ਹਨ ਪੰਜਾਬ ਸਮਝੌਤੇ ਵਿਚ ਪ੍ਰਵਾਨਤ ਮੰਗਾਂ ਵੀ ਪੂਰੀਆਂ ਨਹੀਂ ਕੀਤੀਆਂ ਜਾ ਰਹੀਆਂ ਇਨ੍ਹਾਂ ਦੀ ਪੂਰਤੀ ਵੇਲੇ ਖਾਹਮਖਾਹ ਹਰਿਆਣੇ ਨੂੰ ਪੰਜਾਬ ਦੇ ਬਰਾਬਰ ਪਾਰਟੀ ਬਣਾਇਆ ਜਾ ਰਿਹਾ ਹੈ। ਇਹ ਵੀ ਯਾਦ ਰੱਖਣ ਵਾਲੀ ਗੱਲ ਹੈ ਕਿ ਜਦੋਂ ਪੰਜਾਬ ਵਿਚੋਂ "ਖਾਲਿਸਤਾਨ" ਦੀ ਮੰਗ ਉਠ ਰਹੀ ਹੋਵੇ ਤਾਂ ਡਰ ਹੁੰਦਾ ਹੈ ਕਿ ਨਿਆਂ ਕਰਨ ਲਈ ਬਣਾਏ ਗਏ ਕਮਿਸ਼ਨ ਵੀ ਸਿੱਖ-ਵਿਰੋਧੀ ਤੁਅੱਸਬ ਦਾ ਸ਼ਿਕਾਰ ਹੋ ਕੇ ਪੰਜਾਬ ਨਾਲ ਵਿਤਕਰਾ ਨਾ ਕਰ ਜਾਣ। ਸੋ, ਤੱਤੀਆਂ ਨੀਤੀਆਂ ਵਿਚੋਂ ਕੁਝ ਵੀ ਹਾਂ-ਪੱਖੀ ਪਹਿਲੂ ਨਹੀਂ ਨਿਕਲ ਰਿਹਾ। ਅਸੀਂ ਮੰਨਦੇ ਹਾਂ ਕਿ ਸਿਆਣਪ ਨਾਲ ਚਲਾਈਆਂ ਤੱਤੀਆਂ ਨੀਤੀਆਂ ਗੱਲਬਾਤ ਦੀ ਮੇਜ਼ ਉਤੇ ਮੰਗਾਂ ਮਨਵਾਉਣ ਲਈ "ਦਬਾਉ" ਦਾ ਕੰਮ ਕਰਦੀਆਂ ਹਨ ਪਰ ਮੰਦੇ ਭਾਗਾਂ ਨੂੰ ਪੰਜਾਬ ਵਿਚ ਹਿੰਸਾਵਾਦੀ ਤੱਤ ਦਬਾਉ ਦੀ ਥਾਂ ਗੱਲਬਾਤ ਦੀ ਮੇਜ਼ ਉਤੇ ਹਾਨੀਕਾਰਕ ਹੀ ਸਿਧ ਹੋਏ ਹਨ। ਜਿਵੇਂ ਅਸੀਂ ਪਹਿਲਾਂ ਦੱਸਿਆ ਹੈ, "ਖਾਲਿਸਤਾਨ" ਦੇ ਐਲਾਨ ਨੇ ਅਤੇ ਇਸ ਤੋਂ ਬਾਅਦ ਪੈਦਾ ਹੋਏ ਅਕਾਲੀ ਪਾਰਟੀ ਦੇ ਅੰਦਰਲੇ ਸੰਕਟ ਨੇ ਅਸਲ "ਸ਼ਤਰੂਆਂ" ਤੋਂ ਅਤੇ ਅਸਲ ਮਸਲਿਆਂ ਤੋਂ ਧਿਆਨ ਲਾਂਭੇ ਹਟਾ ਦਿਤਾ ਹੈ।

ਇਹ ਵੀ ਯਾਦ ਰੱਖਣ ਵਾਲੀ ਗੱਲ ਹੈ ਕਿ ਵਰਤਮਾਨ ਅਕਾਲੀ ਸਰਕਾਰ ਟੁੱਟ ਗਈ ਤਾਂ ਕੋਈ ਹੋਰ ਅਕਾਲੀ ਸਰਕਾਰ ਵੀ ਅਜ ਦੇ ਹਾਲਾਤ ਵਿਚ ਨਹੀਂ ਚਲ ਸਕਣੀ। ਗਵਰਨਰੀ ਰਾਜ ਹੀ ਸਥਾਪਤ ਹੋਏਗਾ। ਇਹ ਰਾਜ ਸ੍ਰੀ ਅਰੁਣ ਨਹਿਰੂ ਦਿੱਲੀ ਬੈਠ ਕੇ ਚਲਾਉਣਗੇ। ਉਸ ਸੂਰਤ ਵਿਚ ਪੰਜਾਬ ਦਾ ਭਲਾ ਤਾਂ ਬਿਲਕੁਲ ਨਹੀਂ ਹੋਣਾ। ਹਾਂ, ਦੋ ਗੱਲਾਂ ਜ਼ਰੂਰ ਹੋਣਗੀਆਂ। ਹਿੰਸਾਵਾਦੀ ਤੱਤਾਂ ਵਿਰੁੱਧ ਵਧੇਰੇ ਬੇਰਹਿਮੀ ਨਾਲ ਦਮਨ-ਚੱਕਰ ਚਲੇਗਾ। ਇਸ ਵਿਚ ਦੋਸ਼ੀਆਂ ਦੇ ਨਾਲ ਨਿਰਦੋਸ਼ ਵਡੇਰੀ ਗਿਣਤੀ ਵਿਚ ਧਰੇ ਜਾਣਗੇ। ਪੰਜਾਬ ਸਮਝੌਤਾ ਲਾਗੂ ਕਰਨ-ਕਰਵਾਉਣ ਦਾ ਸਿਲਸਿਲਾ, ਜੋ ਪਹਿਲਾਂ ਹੀ ਬਹੁਤ ਢਿੱਲਾ ਹੈ, ਹੋਰ ਵੀ ਢਿੱਲਾ ਹੋ ਜਾਏਗਾ। ਸਗੋਂ, ਹੋ ਸਕਦਾ ਕਿ ਗਵਰਨਰੀ ਰਾਜ ਵਿਚ ਪੰਜਾਬ ਨਾਲ ਹੋਰ ਬੇਇਨਸਾਫੀਆਂ ਹੋ ਜਾਣ। ਉਸ ਸੂਰਤ ਵਿਚ, ਅਕਾਲੀ ਫੇਰ ਅੰਦੋਲਨ ਚਲਾਉਣਗੇ। ਨਾਰਾਜ਼ਗੀ ਦੀਆਂ ਭਾਵਨਾਵਾਂ ਹੋਰ ਭੜਕਣਗੀਆਂ। ਹਿੰਦੂ-ਸਿੱਖ ਪਾੜ ਹੋਰ ਵਧੇਗਾ। ਪੰਜਾਬ ਤੋਂ ਬਾਹਰਲੇ ਸਿੱਖ ਹੋਰ ਵੀ ਅਸੁਰੱਖਿਅਤ ਮਹਿਸੂਸ ਕਰਨਗੇ।

ਬਿਹਤਰ ਇਹੀ ਹੈ ਕਿ ਵਰਤਮਾਨ ਅਕਾਲੀ ਸਰਕਾਰ ਚਲਦੀ ਰਹੇ। ਅਕਾਲੀ ਪਾਰਟੀ ਅੰਦਰ ਏਕਤਾ ਰਹੇ। ਅਕਾਲੀ ਪਾਰਟੀ ਆਪਣੀ ਨਰਮ ਪਰ ਦ੍ਰਿੜ੍ਹ ਨੀਤੀ ਨਾਲ ਪੰਜਾਬ ਨਾਲ ਅਤੇ ਸਿੱਖਾਂ ਨਾਲ ਇਨਸਾਫ ਕਰਾਉਣ ਦਾ ਯਤਨ ਕਰੇ। ਹਿੰਸਾਵਾਦੀ ਤੱਤਾਂ ਨੂੰ ਗੁਰੂ ਸੁਮੱਤ ਬਖਸ਼ੇ। ਉਹ ਆਤਮ-ਘਾਤੀ ਰਸਤਾ ਛੱਡਣ।

# ਪੁਲੀਸ ਦੀ ਦਹਿਸ਼ਤਪਸੰਦਾਂ ਨਾਲ ਮਿਲੀਭੁਗਤ

ਅੰਮ੍ਰਿਤਸਰ — ਪੰਜਾਬ ਦਾ ਦੌਰਾ ਕਰ ਰਹੇ ਪਾਰਲੀਮੈਂਟ ਮੈਂਬਰਾਂ ਦੇ ਗਰੁੱਪ ਨੇ ਦੋਸ਼ ਲਾਇਆ ਹੈ ਕਿ ਦਹਿਸ਼ਤਪਸੰਦਾਂ ਦੀ ਕਥਿਤ ਤੌਰ ਉਤੇ ਪੁਲੀਸ ਨਾਲ ਮਿਲੀਭੁਗਤ ਹੈ, ਇਸ ਲਈ ਪੰਜਾਬ ਦੀ ਹਾਲਤ ਸੁਧਾਰਨ ਲਈ ਜ਼ਰੂਰੀ ਹੈ ਕਿ ਇਥੇ ਫੌਜ ਤਾਇਨਾਤ ਕੀਤੀ ਜਾਵੇ। ਇੰਦਰਜੀਤ ਗੁਪਤਾ (ਸੀ. ਪੀ. ਆਈ.) ਨੇ ਗਰੁੱਪ ਵੱਲੋਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਪੁਲੀਸ ਦੀ ਮਿਲੀਭੁਗਤ ਦਾ ਇਥੋਂ ਪਤਾ ਲਗਦਾ ਹੈ ਕਿ ਬਹੁਤ ਸਾਰੀਆਂ ਵਾਰਦਾਤਾਂ ਪੁਲੀਸ ਥਾਣਿਆਂ ਦੇ ਨੇੜੇ ਹੋਈਆਂ ਹਨ ਪਰ ਪੁਲੀਸ ਕੁਝ ਵੀ ਕਰਨ ਤੋਂ ਅਸਫਲ ਰਹੀ ਹੈ। ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਕਿਸੇ ਵੀ ਤਰ੍ਹਾਂ ਫੌਜੀ ਹਕੂਮਤ ਦੇ ਹੱਕ ਵਿਚ ਨਹੀਂ ਹਨ, ਉਹ ਚਾਹੁੰਦੀਆਂ ਹਨ ਕਿ ਹਿੰਦੂ ਤੇ ਸਿੱਖ, ਸਾਰੇ ਨਾਗਰਿਕ ਦਹਿਸ਼ਤਵਾਦ ਦੇ ਵਿਰੁੱਧ ਰਲ ਕੇ ਲੜਾਈ ਦੇਣ। ਇਸ ਮਕਸਦ ਲਈ ਉਹ ਪੰਜਾਬ ਸਰਕਾਰ ਨੂੰ ਸਲਾਹ ਦੇਣਗੇ ਕਿ ਜਨਤਕ ਮੀਟਿੰਗਾਂ ਉਤੇ ਪਾਬੰਦੀ ਖਤਮ ਕੀਤੀ ਜਾਵੇ ਤਾਂ ਜੋ ਲੋਕ ਖੁਲ੍ਹ ਕੇ ਆਵਾਜ਼ ਉਚੀ ਚੁੱਕ ਸਕਣ। ਸ੍ਰੀ ਗੁਪਤਾ ਅਨੁਸਾਰ ਦਰਬਾਰ ਸਾਹਿਬ ਵਿਚ ਪੁਲੀਸ ਦਾਖਲੇ ਬਾਰੇ ਸਿੱਖ ਬਹੁਤ ਦੁਖੀ ਹਨ ਅਤੇ ਵਿਰੋਧੀ ਧਿਰ ਕਿਸੇ ਵੀ ਧਰਮ ਦੇ ਪਵਿਤਰ ਅਸਥਾਨ ਵਿਚ ਪੁਲੀਸ ਦੇ ਦਾਖਲੇ ਦੇ ਵਿਰੁੱਧ ਹੈ ਪਰ ਇਸ ਦੇ ਨਾਲ ਹੀ ਇਹ ਗੱਲ ਵੀ ਓਨੀ ਹੀ ਅਹਿਮ ਹੈ ਕਿ ਅਜਿਹੇ ਸਥਾਨਾਂ ਅੰਦਰੋਂ 'ਖਾਲਿਸਤਾਨ' ਵਰਗੇ ਐਲਾਨ ਨਾ ਹੋਣ ਅਤੇ ਨਾ ਹੀ ਉਥੇ ਮੁਜ਼ਰਮਾਂ ਨੂੰ ਪਨਾਹ ਮਿਲੇ। ਨਹੀਂ ਤਾਂ ਦੇਸ਼ ਨੂੰ ਕੋਈ ਨਹੀਂ ਬਚਾ ਸਕੇਗਾ।

ਉਨ੍ਹਾਂ ਨੇ ਕਿਹਾ ਕਿ ਹਿੰਦੂ ਸਿੱਖ ਝਗੜੇ ਦਾ ਕੋਈ ਸਵਾਲ ਹੀ ਨਹੀਂ ਹੈ। ਉਨ੍ਹਾਂ ਨੂੰ ਪੰਜਾਬ ਦੀ ਗੜਬੜ ਪਿੱਛੇ ਪਾਕਿਸਤਾਨ ਦਾ ਸਿਧਾ ਹੱਥ ਦਿਖਾਈ ਦਿੱਤਾ ਹੈ ਅਤੇ ਕਿਉਂਕਿ ਪਾਕਿਸਤਾਨ ਅਮਰੀਕਾ ਦਾ ਹੱਥਠੋਕਾ ਹੈ, ਇਸ ਲਈ ਅਮਰੀਕਾ ਨੂੰ ਵੀ ਬਖਸ਼ਿਆ ਨਹੀਂ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਸਿੱਖ ਵੀ ਦਹਿਸ਼ਤਗਰਦੀ ਦਾ ਸ਼ਿਕਾਰ ਹੋਏ ਹਨ। ਦੇਸ਼ ਦੇ ਲੋਕ ਜਾਣਦੇ ਹਨ ਕਿ ਸਿੱਖਾਂ ਨੇ ਦੇਸ਼ ਦੀ ਆਜ਼ਾਦੀ ਦੇ ਸੰਗਰਾਮ ਵਿਚ ਬਹੁਤ ਵੱਡਾ ਹਿਸਾ ਪਾਇਆ ਹੈ। ਪਾਕਿਸਤਾਨ ਹਿੰਦੂ-ਸਿੱਖ ਫਸਾਦ ਕਰਵਾਉਣਾ ਚਾਹੁੰਦਾ ਹੈ। ਜੇਕਰ ਹਿੰਦੂ ਪੰਜਾਬ ਛੱਡ ਜਾਣ ਤਾਂ ਦੇਸ਼ ਭਰ ਅੰਦਰ ਰਹਿੰਦੇ ਸਿੱਖ ਪੰਜਾਬ ਆ ਜਾਣਗੇ ਅਤੇ ਇਸ ਤਰ੍ਹਾਂ ਅਣਐਲਾਨਿਆ 'ਖਾਲਿਸਤਾਨ' ਬਣ ਜਾਵੇਗਾ। ਪਾਰਲੀਮੈਂਟ ਮੈਂਬਰਾਂ ਦੇ ਗਰੁੱਪ ਵਿਚ ਸ੍ਰੀ ਗੁਪਤਾ ਤੋਂ ਬਿਨਾਂ ਚਿੱਤਾ ਬਾਸੂ (ਫਾਰਵਰਡ ਬਲਾਕ), ਸੈਫੂਦੀਨ (ਸੀ. ਪੀ. ਐਮ.), ਸਰਤ ਦੇਵ (ਜਨਤਾ), ਤਰੀਕੇ (ਆਰ. ਐਸ. ਪੀ.) ਅਤੇ ਸੂਰਜ ਪ੍ਰਸਾਦ (ਸੀ. ਪੀ. ਆਈ.) ਸ਼ਾਮਲ ਹਨ। ਉਨ੍ਹਾਂ ਰਵਾਨਾ ਹੋਣ ਤੋਂ ਪਹਿਲਾਂ ਪੁਤਲੀਘਰ ਵਿਚ ਇਕ ਮੀਟਿੰਗ ਨੂੰ ਸੰਬੋਧਨ ਕੀਤਾ ਅਤੇ ਦੁਰਗਿਆਣਾ ਮੰਦਰ ਵੀ ਗਏ।

## ਬੇਨਜ਼ੀਰ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਵੇਗਾ

ਇਸਲਾਮਾਬਾਦ — ਪਾਕਿਸਤਾਨ ਦੀ ਫੈਡਰਲ ਵਜ਼ਾਰਤ ਨੇ ਪਾਕਿਸਤਾਨ ਪੀਪਲਜ਼ ਪਾਰਟੀ ਦੀ ਐਕਟਿੰਗ ਪ੍ਰਧਾਨ ਕੁਮਾਰੀ ਬੇਨਜ਼ੀਰ ਭੁੱਟੋ ਨੂੰ ਗ੍ਰਿਫਤਾਰ ਨਾ ਕਰਨ ਦਾ ਫੈਸਲਾ ਕੀਤਾ ਹੈ। ਪ੍ਰਧਾਨ ਮੰਤਰੀ ਮੁਹੰਮਦ ਖਾਨ ਜੁਨੈਜੋ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਨੇ ਦੇਸ਼ ਵਿਚਲੀ ਅਮਨ ਕਾਨੂੰਨ ਦੀ ਸਥਿਤੀ ਦਾ ਜਾਇਜ਼ਾ ਵੀ ਲਿਆ। ਵਜ਼ੀਰਾਂ ਨੂੰ ਕਿਹਾ ਗਿਆ ਕਿ ਪਾਕਿਸਤਾਨ ਪੀਪਲਜ਼ ਪਾਰਟੀ ਦੀਆਂ ਸਰਗਰਮੀਆਂ ਦਾ ਟਾਕਰਾ ਕਰਨ ਲਈ ਪਾਕਿਸਤਾਨ ਮੁਸਲਿਮ ਲੀਗ ਨੂੰ ਮਜ਼ਬੂਤ ਕੀਤਾ ਜਾਵੇ।

ROKKO SAREES & FABRICS
6201 Fraser Street
VANCOUVER
Tel: 327-3033

ਰੋਕੋ ਸਾੜ੍ਹੀਜ਼ ਹਫ਼ਤੇ ਦੇ ਸੱਤੇ ਦਿਨ
ਖੁਲ੍ਹਾ ਰਹਿੰਦਾ ਹੈ



ROKKO SAREES

ਰੋਕੋ ਸਾੜ੍ਹੀਜ਼ ਉਤੇ ਹਰ ਮੰਗਲਵਾਰ ਨੂੰ
ਸਪੈਸ਼ਲ ਸਪੈਸ਼ਲ ਸੇਲ ਲੱਗਦੀ ਹੈ

# ਇੰਗਲੈਂਡ ਦੇ ਲੋਕਾਂ ਦੀਆਂ ਅੱਖਾਂ ਵਿਚ "ਖਾਲਿਸਤਾਨੀ ਘੱਟਾ"

ਹਰਦੇਵ ਸਿੰਘ (ਇੰਗਲੈਂਡ)

ਇਹ ਇਕ ਦਿਨ ਦੇ ਚਾਨਣ ਵਰਗੀ ਸਚਾਈ ਹੈ ਕਿ ਭਾਰਤ ਵਿਚ ਸਿਖਾਂ ਦੀ ਭਾਰੀ ਗਿਣਤੀ ਖਾਲਿਸਤਾਨ ਦੇ ਨਾਹਰੇ ਦੇ ਖਿਲਾਫ ਹੈ। ਵੀਹਵੀਂ ਸਦੀ ਦੇ ਛੇਕੜਲੇ ਦਹਾਕਿਆਂ ਵਿਚ ਧਰਮ ਦੇ ਨਾਮ 'ਤੇ ਕਿਸੇ ਦੇਸ਼ ਦੀ ਸਥਾਪਨਾ ਦਾ ਨਾਹਰਾ ਬਹੁਤ ਹੀ ਪਿਛਾਂਹ ਖਿਚੂ ਸੋਚ ਦਾ ਪਰਤੀਕ ਹੈ। ਇਹ ਇਕ ਅਤਿਅੰਤ ਥੋਥੀ ਦਲੀਲ ਹੈ ਕਿ ਕਿਸੇ ਵੀ ਧਰਮ ਦੇ ਨਾ 'ਤੇ ਦੇਸ਼ ਸਥਾਪਤ ਕਰਨਾ ਉਸ ਧਰਮ ਦੇ ਸ਼ਹਿਰੀਆਂ ਦੇ ਹੱਕਾਂ ਦੀ ਰਾਖੀ ਦੀ ਗਰੰਟੀ ਕਰਦਾ ਹੈ। ਜੇਕਰ ਅੱਜ ਦੁਨੀਆਂ ਦੇ ਨਕਸ਼ੇ 'ਤੇ ਨਜ਼ਰ ਮਾਰੀ ਜਾਵੇ ਤਾਂ ਸਾਫ ਦਿਖਾਈ ਦੇਵੇਗਾ ਕਿ ਜਿੰਨਾ ਇਨਸਾਨੀਅਤ ਦਾ ਕਤਲ ਧਰਮ ਦੇ ਨਾ 'ਤੇ ਬਣੇ ਦੇਸ਼ਾਂ ਵਿਚ ਹੋ ਰਿਹਾ ਹੈ ਸ਼ਾਇਦ ਹੀ ਹੋਰ ਕਿਤੇ ਹੁੰਦਾ ਹੋਵੇ। ਮਿਸਾਲ ਵਜੋਂ ਆਪਣਾ ਗੁਆਂਢੀ ਦੇਸ਼ ਪਾਕਿਸਤਾਨ ਹੀ ਲੈ ਲਵੋ। ਕੀ ਪਾਕਿਸਤਾਨ ਦੇ ਮੁਸਲਮਾਨਾਂ ਉਤੇ ਜ਼ੁਲਮ ਨਹੀਂ ਹੁੰਦਾ ਜਾਂ ਪਾਕਿਸਤਾਨ ਦੀ 'ਇਸ ਲਾਮਕ' ਸਰਕਾਰ ਆਪਣੇ ਸ਼ਹਿਰੀਆਂ ਦੇ ਹੱਕ ਦਬਾ ਕੇ ਨਹੀਂ ਰੱਖਦੀ। ਜਾਂ ਈਰਾਨ ਤੇ ਇਰਾਕ ਦੀ ਮਿਸਾਲ ਲੈ ਲਵੋ ਦੋ ਮੁਸਲਮਾਨ ਦੇਸ਼ ਪਿਛਲੇ ਦੋ ਤਿੰਨ ਸਾਲ ਤੋਂ ਭਿਅੰਕਰ ਜੰਗ ਲੜ ਰਹੇ ਹਨ। ਈਰਾਨ ਦਾ ਸ਼ਾਹ ਅਤੇ ਖੁਮੇਣੀ ਦੋਵੇਂ ਹੀ ਆਪਣੇ ਦੇਸ਼ ਦੇ ਮੁਸਲਮਾਨ ਸ਼ਹਿਰੀਆਂ ਉਤੇ ਅੱਤ ਦੇ ਅਤਿਆਚਾਰ ਲਈ ਬਦਨਾਮ ਹਨ। ਦੱਖਣੀ ਅਫਰੀਕਾ ਦੀ ਨਸਲਵਾਦੀ ਫਾਸ਼ੀ ਸਰਕਾਰ ਕਾਲੇ ਰੰਗ ਦੇ 'ਈਸਾਈ ਭਰਾਵਾਂ' ਉਤੇ ਜ਼ੁਲਮ ਕਾਰਣ ਦੁਨੀਆਂ ਭਰ ਵਿਚ ਬਦਨਾਮ ਹੈ। ਦੁਨੀਆਂ ਦਾ ਇਤਿਹਾਸ ਐਸੀਆਂ ਮਿਸਾਲਾਂ ਨਾਲ ਭਰਿਆ ਪਿਆ ਹੈ।

ਵਲੈਤੀ ਖਾਲਿਸਤਾਨੀ ਆਪਣੇ ਦੇਸ਼ ਤੋਂ ਹਜ਼ਾਰਾਂ ਮੀਲ ਦੂਰ ਬੈਠੇ ਗੁਰਦੁਆਰੇ ਗਏ ਲੋਕਾਂ ਨੂੰ ਆਪਣੇ ਸਵਾਰਥੀ ਹਿੱਤਾਂ ਲਈ ਜਜ਼ਬਾਤੀ ਭਾਸ਼ਨ ਦੇ ਕੇ ਭੜਕਾਉਂਦੇ ਹਨ। ਨਿੱਤ ਦਿਨ ਨਵੇਂ ਬਹਾਨੇ ਘੜ ਕੇ ਧੜਾ ਧੜ ਪੈਸ਼ੇ ਇਕੱਠੇ ਕਰ ਰਹੇ ਹਨ। ਇਹ ਪੈਸੇ ਕਿੱਥੇ ਜਾਂਦੇ ਹਨ ਇਹ ਇਹਨਾਂ ਦਾ ਰੱਬ ਹੀ ਜਾਣੇ। ਮਿਸਾਲ ਲਈ ਇਸ ਘਟਨਾ ਦੀ ਬਹੁਤ ਹੀ ਚਰਚਾ 'ਖਾਲਿਸਤਾਨੀ' ਅਖਬਾਰਾਂ 'ਚ ਹੋਈ ਹੋਈ ਕਿ ਇੰਦਰਾ ਦੇ ਕਾਤਲ ਸਤਵੰਤ ਸਿੰਘ ਦੇ ਮੁਕੱਦਮੇ ਲਈ ਇਕੱਠੇ ਕੀਤੇ ਪੈਸੇ ਉਸਦੇ ਬਾਪ ਤੱਕ ਨਹੀਂ ਪਹੁੰਚੇ। ਉਹਦੇ ਛਪੇ ਬਿਆਨਾਂ ਅਨੁਸਾਰ ਉਹਨੂੰ ਕੇਸ ਲੜਨ ਲਈ ਜ਼ਮੀਨ ਤੇ ਜ਼ੇਵਰ ਗਹਿਣੇ ਰੱਖਣੇ ਪਏ। ਜੇ ਇਹ ਗੱਲ ਠੀਕ ਹੈ ਤਾਂ ਅੰਦਾਜ਼ਾ ਲਾਉਣਾ ਕੋਈ ਬਹੁਤ ਕਠਨ ਨਹੀਂ ਕਿ ਇਕੱਠੇ ਕੀਤੇ ਪੈਸੇ ਕਿੱਥੇ ਗਏ।

ਆਮ ਲੋਕ ਗੁਰਦੁਆਰੇ ਮਨ ਦੀ ਸ਼ਾਂਤੀ ਤੇ ਸ਼ਰਧਾ ਕਰਕੇ ਜਾਂਦੇ ਹਨ ਪਰ ਇਹ ਲੀਡਰ ਲੋਕਾਂ ਨੂੰ ਗੁਮਰਾਹ ਕਰਕੇ ਗੁਰੂ ਘਰਾਂ ਦੀ ਦੁਰਵਰਤੋਂ ਕਰਦੇ ਹਨ। ਗੁਰਦੁਆਰਿਆਂ ਦੀਆਂ ਸਟੇਜਾਂ ਤੋਂ ਗੁਰਬਾਣੀ ਦੇ ਥਾਂ ਇਹਨਾਂ ਨਾਲ ਅਸਹਿਮਤੀ ਰੱਖਣ ਵਾਲੇ ਲੋਕਾਂ ਦੇ ਖਿਲਾਫ ਪਰਾਪੇਗੰਡਾ ਅਤੇ ਗਾਲ੍ਹਾਂ ਕੱਢੀਆਂ ਜਾਂਦੀਆਂ ਹਨ। ਗੁਰਦੁਆਰਿਆਂ ਵਿਚ ਹੀ ਵਿਰੋਧੀਆਂ ਦੀਆਂ ਹਿੱਟ ਲਿਸਟਾਂ ਤਿਆਰ ਕੀਤੀਆਂ ਜਾਂਦੀਆਂ ਹਨ। ਇਹਨਾ ਲੀਡਰਾਂ ਲਈ ਗੁਰਦੁਆਰੇ ਸਿਰਫ ਆਪਣੇ ਵਿਰੋਧੀਆਂ ਦੀਆਂ ਪੱਗਾਂ ਲਾਹੁਣ, ਬਾਹਰ ਜਾ ਕੇ ਗੁੰਡਾਕਰਦੀ ਕਰਨ ਦੀਆਂ ਪਲੈਨਾਂ ਬਣਾਉਣ ਲਈ ਹੀ ਬਣੇ ਹਨ। ਜਾਂ ਫੇਰ ਵਿਰੋਧੀਆਂ ਦੀਆਂ ਧੀਆਂ ਭੈਣਾਂ ਦੇ ਵਿਆਹਾਂ ਵਿਚ 'ਖਾਲਿਸਤਾਨ' ਦੇ ਨਾਹਰੇ ਲਾ ਕੇ ਖੱਪ ਪਾਉਣ ਦੀਆਂ ਕਰਤੂਤਾਂ ਵੀ ਇਹ ਗੁਰਦੁਆਰਿਆਂ ਵਿਚ ਕਰਦੇ ਹਨ।

ਸੁਆਲ ਉਠਦਾ ਹੈ ਕਿ ਇਹ ਸਾਰਾ ਕੁਛ ਇਹ ਗੁਰਦੁਆਰਿਆਂ ਵਿਚ ਹੀ ਕਿਉਂ ਕਰਦੇ ਹਨ? ਜਵਾਬ ਇਹ ਹੈ ਕਿ ਬਿਨਾਂ ਕੋਈ ਕੰਮ ਕੀਤਿਆਂ ਲੀਡਰੀ ਮਿਲ ਜਾਂਦੀ ਹੈ। ਕਿਸੇ ਕਾਬਲੀਅਤ ਦੀ ਲੋੜ ਨਹੀਂ ਤੇ ਕਿਸੇ ਕੁਰਬਾਨੀ ਦੀ ਲੋੜ ਨਹੀਂ। ਮੈਂ ਦਾਹਵੇ ਨਾਲ ਕਹਿ ਸਕਦਾ ਹਾਂ ਕਿ ਅਸਲ ਵਿਚ ਇਹ ਲੋਕ ਗੁਰਦੁਆਰਿਆਂ ਤੋਂ ਬਾਹਰ ਸਿਆਸੀ ਪਰਚਾਰ ਲਈ ਇਕ ਵੀ ਮੀਟਿੰਗ ਕਰਨ ਦੇ ਕਾਬਲ ਨਹੀਂ। ਇਹ ਆਪਣਾ 'ਸੌਦਾ' ਭੋਲੇ ਭਾਲੇ ਸ਼ਰਧਾ ਨਾਲ ਆਏ ਲੋਕਾਂ ਕੋਲ ਹੀ ਵੇਚ ਸਕਦੇ ਹਨ। ਇਸ ਤੋਂ ਬਿਨਾਂ ਗੁਰਦੁਆਰੇ ਦੀ ਅਸਲੀ ਮੌਜ ਇਹ ਹੈ ਕਿ ਗੋਲਕ ਉਤੇ ਝੱਟ ਕਬਜ਼ਾ ਹੋ ਜਾਂਦਾ ਹੈ। ਵੇਖਣ ਵਿਚ ਆਇਆ ਹੈ ਕਿ ਵਲੈਤ ਦੇ ਐਸੇ ਕਈ "ਜੁਝਾਰੂ" ਸਿੰਘ ਜਿਹੜੇ ਜੂਨ 1984 ਤੋਂ ਪਹਿਲਾਂ ਨਾ ਕਦੀ ਸਿਖ ਸਨ ਤੇ ਨਾ ਹੀ ਉਹਨਾਂ ਕਦੀ ਲੋਕਾਂ ਲਈ ਕੋਈ ਕੰਮ ਕੀਤਾ ਸੀ ਉਹ ਰਾਤੋ ਰਾਤ ਸਿਰਫ "ਸਿੱਖ" ਹੀ ਨਹੀਂ ਬਣ ਗਏ ਪਰ ਦਿਨ ਬਦਿਨ ਮਾਲਾ ਮਾਲ ਵੀ ਹੋਈ ਜਾਂਦੇ ਹਨ। ਸਾਰੇ ਸ਼ਹਿਰਾਂ ਦੇ ਗੁਰਦੁਆਰਿਆਂ ਦੇ ਨਵੇਂ ਚੌਧਰੀਆਂ ਵੱਲ ਨਜ਼ਰ ਮਾਰ ਕੇ ਵੇਖੋ ਤਾਂ ਏਹੋ ਜਿਹੇ ਤੁਹਾਨੂੰ ਆਪ ਹੀ ਦਿਖ ਪੈਣਗੇ। ਇਹ ਵੀ ਸਭ ਨੂੰ ਦਿਖਦਾ ਹੈ ਕਿ ਗੁਰਦੁਆਰਿਆਂ ਦੇ ਪੁਰਾਣੇ "ਮਹੰਤਾਂ" ਨੇ ਹੀ ਪਹਿਲਾਂ ਆਪਣੇ ਸੌੜੇ ਹਿੱਤਾਂ ਲਈ ਐਸੇ ਅਨਸਰਾਂ ਨੂੰ ਅੱਗੇ ਲਿਆਂਦਾ ਅਤੇ ਅੱਜ ਆਪ ਹੀ ਉਹਨਾਂ ਹੱਥੋਂ ਜੁੱਤੀਆਂ ਖਾ ਕੇ ਕਚਹਿਰੀਆਂ ਅਤੇ ਚੈਰਿਟੀ ਕਮਿਸ਼ਨਾਂ ਕੋਲ ਭੱਜੇ ਫਿਰਦੇ ਹਨ। ਕੀ ਇਹਨਾਂ ਦਾ ਰੱਬ ਹਾਲੇ ਵੀ ਇਹਨਾਂ ਨੂੰ ਕੋਈ ਮੱਤ ਦਊ ਕਿ ਨਹੀਂ??

ਇਹ ਨਵੇਂ ਜੰਮੇ "ਸਿੰਘ" ਲੋਕਾਂ ਦੀਆਂ ਅੱਖਾਂ ਵਿਚ ਕਿਵੇਂ ਘੱਟਾ ਪਾਉਂਦੇ ਹਨ ਇਸਦੀਆਂ ਕਈ ਮਿਸਾਲਾਂ ਮਿਲਦੀਆਂ ਹਨ ਅਤੇ ਹਰ ਚਾਲ ਵਿਚ ਅਸਲੀ ਮਕਸਦ ਪੈਸੇ ਠੱਗਣਾ ਹੁੰਦਾ ਹੈ। ਮੈਂ ਇਕ ਦੋ ਮਿਸਾਲਾਂ ਦੇ ਕੇ ਬਾਕੀ ਲੋਕਾਂ ਦੀ ਸਮਝ 'ਤੇ ਛੱਡਦਾ ਹਾਂ :-

(1) ਜਿਵੇਂ ਪਹਿਲਾਂ ਲਿਖਿਆ ਹੈ ਇੰਦਰਾ ਦੇ ਕਾਤਲ ਸਤਵੰਤ ਸਿੰਘ ਨੂੰ "ਜ਼ਿੰਦਾ ਸ਼ਹੀਦ" ਵਰਗੇ ਖਿਤਾਬ ਦੇ ਕੇ ਲੋਕਾਂ ਤੋਂ ਪੈਸੇ ਠੱਗੇ ਗਏ ਕਿ ਉਹਦਾ ਮੁਕੱਦਮਾ ਲੜਨਾ ਹੈ। ਕਈ ਪੰਜਾਬੀ ਦੇ ਪਰਚੇ ਵੀ, ਜਿਹਨਾਂ ਦਾ ਇਸ ਸੌਖੀ ਕਮਾਈ ਵਿਚੋਂ ਮਿਲਦੇ ਇਸ਼ਤਿਹਾਰਾਂ ਨਾਲ ਚੰਗਾ ਦਾਅ ਲੱਗਿਆ ਹੋਇਆ ਹੈ, ਉਹ ਵੀ ਇਸ ਕਿਸਮ ਦੇ ਪਰਚਾਰ ਵਿਚ ਪੂਰੇ ਭਾਈਵਾਲ ਹਨ। 'ਦੇਸ ਪ੍ਰਦੇਸ' ਲਿਖਦਾ ਹੈ ਕਿ 'ਸਤਵੰਤ ਸਿੰਘ ਨੂੰ ਵੇਖ ਕੇ ਮੌਤ ਨੂੰ ਵੀ ਪਸੀਨਾ ਆ ਰਿਹਾ ਹੈ' ਭਾਵ ਕਿ ਉਹ ਹੱਸ ਕੇ ਮਰਨ ਨੂੰ ਤਿਆਰ ਹੈ। ਪਰ ਉਹ ਵਿਚਾਰਾ ਕਚਿਹਰੀਉ - ਕਚਹਿਰੀ ਸਫਾਈ ਪੇਸ਼ ਕਰ ਰਿਹਾ ਹੈ ਕਿ ਉਸਨੇ ਕਤਲ ਹੀ ਨਹੀਂ ਕੀਤਾ ਅਤੇ ਅਪੀਲਾਂ ਕਰਦਾ ਫਿਰਦਾ ਹੈ ਕਿ ਉਸਦੀ ਜਾਨ ਬਚਾਈ ਜਾਵੇ। ਪਤਾ ਨਹੀਂ ਉਹ ਕਿਸਦੀ ਚਾਲ ਹੇਠ ਫਸ ਕੇ ਜਾਂ ਕਿਹੜੇ ਜਜ਼ਬਿਆਂ ਹੇਠ ਇਹ ਕੰਮ ਕਰ ਬੈਠਾ ਹੈ ਪਰ ਹੁਣ ਜਾਨ ਬਚਾਉਣ ਲਈ ਸਾਰੇ ਹੀ ਹੀਲੇ ਤਰਲੇ ਕਰ ਰਿਹਾ ਹੈ।

ਜੇ ਸਾਡੇ ਸ਼ਹੀਦਾਂ ਵੱਲ ਨਜ਼ਰ ਮਾਰੀਏ ਤਾਂ ਮਾੜੀ ਮੋਟੀ ਅਕਲ ਵਾਲੇ ਨੂੰ ਵੀ ਪਤਾ ਹੈ ਕਿ ਉਹਨਾ ਬਹਾਦਰਾਂ ਨੂੰ ਆਪਣੇ ਕੀਤੇ ਕੰਮਾਂ ਉਤੇ ਮਾਣ ਸੀ ਅਤੇ ਉਹ ਕਚਿਹਰੀਆਂ ਵਿਚ ਤਰਲੇ ਨਹੀਂ ਸਨ ਕਰਦੇ ਫਿਰਦੇ। ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀਆਂ, ਕਾਨ੍ਹਪੁਰ ਸਾਜ਼ਸ਼ ਕੇਸ ਦੇ ਕਮਿਊਨਿਸਟ ਇਨਕਲਾਬੀਆਂ, ਬੰਗਾਲ ਦੇ ਬਹਾਦਰ ਸ਼ਹੀਦਾਂ, ਬੱਬਰ ਅਕਾਲੀਆਂ ਅਤੇ ਹੋਰ ਅਣਗਿਣਤ ਸ਼ਹੀਦਾਂ ਨੇ ਕਚਿਹਰੀਆਂ ਵਿਚ ਕਿਹਾ ਕਿ ਉਹਨਾਂ ਜੋ ਕੁਝ ਵੀ ਕੀਤਾ ਆਪਣੇ ਲੋਕਾਂ ਦੇ ਭਲੇ ਲਈ ਕੀਤਾ, ਉਹਨਾਂ ਨੂੰ ਇਸ ਉਤੇ ਮਾਣ ਹੈ ਕਿ ਇਸ ਲਈ ਉਹ ਹੱਸ ਹੱਸ ਫਾਂਸੀਆਂ ਚੜ੍ਹ ਗਏ ਅਤੇ ਕਾਲੇ ਪਾਣੀ ਚਲੇ ਗਏ। ਸਭ ਨੂੰ ਪਤਾ ਹੈ ਕਿ ਅਪੀਲ ਕਰਨ ਦੀ ਸਲਾਹ ਦੇਣ ਉਤੇ ਸ਼ਹੀਦ ਭਗਤ ਸਿੰਘ ਨੂੰ ਆਪਣੇ ਪਿਤਾ ਨਾਲ ਵੀ ਝਗੜਾ ਕਰਨਾ ਪਿਆ ਸੀ।

ਪਰ ਸਾਨੂੰ ਇਹਨਾਂ "ਜੁਝਾਰੂ" ਸਿੰਘਾਂ ਅਤੇ ਦੇਸ ਪ੍ਰਦੇਸ ਉਤੇ ਕੋਈ ਹੈਰਾਨੀ ਨਹੀਂ। ਆਖਰ ਇਹਨਾਂ ਦੇ "ਸ਼ਹੀਦ" ਵੀ ਤਾਂ ਇਹਨਾਂ ਵਰਗੇ ਹੀ ਹੋਣੇ ਹਨ!!

(2) ਹੁਣ ਇਕ ਹੋਰ ਦੀ ਗੱਲ ਕਰ ਲਉ। ਇੰਦਰਾ ਦੇ ਦੂਸਰੇ ਕਾਤਲ ਬੇਅੰਤ ਸਿੰਘ ਦੀ ਪਤਨੀ ਨੂੰ ਵੀ 'ਖਾਲਿਸਤਾਨੀਏ' ਸਰੋਪੇ ਦਿੰਦੇ ਫਿਰਦੇ ਹਨ ਅਤੇ ਬੜੇ ਪੈਸੇ ਉਹਦੇ ਨਾਮ ਤੇ ਵੀ ਇਕੱਠੇ ਕੀਤੇ ਗਏ। ਪਰ ਉਹ ਚੋਣਾਂ ਵੇਲੇ ਟਪੂਸੀ ਮਾਰ ਕੇ ਅਕਾਲੀ ਪਾਰਟੀ ਕੋਲੋਂ ਟਿਕਟ ਮੰਗਣ ਚਲੀ ਗਈ। ਪਰ ਵਿਚਾਰੀ ਨੂੰ ਸੀਟ ਨਹੀਂ ਮਿਲੀ ਜੇ ਸ਼ਾਇਦ ਕਾਂਗਰਸ ਤੋਂ ਮਿਲ ਜਾਂਦੀ ਤਾਂ ਉਹ ਵੀ ਲੈ ਲੈਂਦੀ। ਪਰ ਏਥੇ ਬਣੇ ਲੀਡਰ ਉਹਦੀਆਂ ਤੇ ਬੇਅੰਤ ਸਿੰਘ ਦੀਆਂ ਫੋਟੋਆਂ ਛਾਪ ਕੇ ਗੁਰਦੁਆਰਿਆਂ 'ਚ ਹੱਟੀਆਂ ਲਾਈ ਬੈਠੇ ਹਨ।

(3) ਨਕੋਦਰ ਦੀ ਘਟਨਾ ਲੈ ਲਉ। ਇਕ ਮਾਮੂਲੀ ਜੋਤ ਨਾਲ ਅੱਗ ਲੱਗਣ ਕਰਕੇ ਹੋਏ ਨੁਕਸਾਨ ਨੂੰ ਫਿਰਕੂ ਰੰਗ ਦੇਣ ਲਈ ਇਹਨਾਂ ਬੇਈਮਾਨਾਂ ਨੂੰ ਕਿੰਨੀ ਕਾਹਲੀ ਸੀ। ਸ਼ਹਿਰ ਦੇ ਹਰ ਧਰਮ ਦੇ ਲੀਡਰਾਂ ਨੇ ਸ਼ਹਿਰ ਵਿਚ ਫਿਰਕੂ ਅਮਨ ਕਾਇਮ ਰੱਖਣ ਲਈ ਪੁਲਸ ਨੂੰ ਮਾਮਲੇ ਦੀ ਪੜਤਾਲ ਲਈ ਕਿਹਾ। ਪਰ ਇਹਨਾਂ ਦੇਸ਼ ਅਮਨ ਤੇ ਲੋਕ ਵਿਰੋਧੀ ਅਨਸਰਾਂ ਨੇ ਗੜਬੜ ਫੈਲਾਉਣ ਲਈ ਪੂਰਾ ਜ਼ੋਰ ਲਾਇਆ, ਕਿੰਨੀਆਂ ਜਾਨਾਂ ਦਾ ਬੇਲੋੜਾ ਨੁਕਸਾਨ ਹੋਇਆ ਜਿਹੜੀਆਂ ਕਿ ਬਚ ਸਕਦੀਆਂ ਸਨ।

ਵਲੈਤ ਵਿਚ ਹੁਣ ਇਸ਼ਤਿਹਾਰ ਛਾਪੇ ਗਏ (ਦੇਸ ਪ੍ਰਦੇਸ ਦੀਆਂ ਫੇਰ ਮੌਜਾਂ) ਕਿ ਨਕੋਦਰ ਦੇ ਸ਼ਹੀਦਾਂ ਨੂੰ ਸ਼ਰਧਾਂਜਲੀਆਂ ਭੇਟ ਕਰਨ ਲਈ ਗੁਰਦੁਆਰਿਆਂ ਵਿਚ ਅਖੰਡ ਪਾਠ ਹੋਣਗੇ। ਅਤੇ ਫੇਰ ਇਹ ਪਖੰਡ ਕਰਕੇ ਪੈਸੇ ਠੱਗੇ ਜਾਣਗੇ।

### ਸਾਡਾ ਫਰਜ਼

ਅਸਲੀਅਤ ਇਹ ਹੈ ਕਿ ਇਹਨਾਂ ਲੋਕਾਂ ਨੂੰ ਫਾਇਦਾ ਹੀ ਫਿਰਕੂ ਤਨਾਅ ਰੱਖਣ ਵਿਚ ਹੈ। ਸਾਨੂੰ ਇਹ ਗੱਲ ਸਮਝਣ ਦੀ ਲੋੜ ਹੈ ਕਿ ਇਹ ਕਿਵੇਂ ਲੋਕਾਂ ਦੀਆਂ ਅੱਖਾਂ ਵਿਚ ਘੱਟਾ ਪਾਉਂਦੇ ਹਨ। ਇਹਨਾਂ ਲੋਕਾਂ ਦੀਆਂ ਫੁੱਟ ਪਾਊ ਸਰਗਰਮੀਆਂ ਕਰਕੇ ਸਾਨੂੰ ਇਥੇ ਪੇਸ਼ ਆਉਂਦੀਆਂ ਮੁਸ਼ਕਲਾਂ ਨਾਲ ਲੜਨ ਲਈ ਮੁਸ਼ਕਲਾਂ ਆਉਂਦੀਆਂ ਹਨ। ਆਪਸੀ ਫੁੱਟ ਕਰਕੇ ਬਹੁਤ ਸਾਰੇ ਮਸਲੇ ਜਿਹਨਾਂ ਦਾ ਅਸਰ ਸਾਡੇ ਆਉਣ ਵਾਲੇ ਭਵਿਖ ਤੇ ਪਵੇਗਾ ਉਹ ਇਵੇਂ ਹੀ ਲੰਘ ਜਾਂਦੇ ਹਨ। ਇਸ ਤਰ੍ਹਾਂ ਇਹ ਅਨਸਰ ਅਤੇ ਇਹਨਾਂ ਦੀਆਂ ਸਰਗਰਮੀਆਂ ਸਰਕਾਰ ਦੀਆਂ ਨਸਲਵਾਦੀ ਅਤੇ ਲੋਕ ਵਿਰੋਧੀ ਨੀਤੀਆਂ ਦੀ ਵੀ ਮਦਦ ਕਰਨ ਵਿਚ ਸਹਾਈ ਹੁੰਦੀਆਂ ਹਨ।

ਆਉ ਸਾਰੇ ਇਕੱਠੇ ਹੋ ਕੇ ਇਹਨਾਂ ਦੇਸ਼ ਵਿਰੋਧੀ, ਲੋਕ ਵਿਰੋਧੀ, ਫਿਰਕਾਪ੍ਰਸਤਾਂ ਨੂੰ ਭਾਂਜ ਦੇਣ ਲਈ ਇਕੱਠੇ ਹੋਈਏ ਤੇ ਆਪਣੇ ਹੱਕਾਂ ਦੀ ਰਾਖੀ ਲਈ ਸਾਂਝੀ ਲੜਾਈ ਲੜੀਏ।

(ਮਾਸਕ ਲੋਕਤਾ (ਇੰਗਲੈਂਡ) ਦੇ ਧੰਨਵਾਦ ਸਹਿਤ)

BHANDAL DRYWALL LTD.
3397 Kingsway, Vancouver, B.C.
Ph. 430-5011

Vice President
Karnail S. Bhandal
President
Jarnail S. Bhandal M.A.

DO YOU NEED PLUMBING OR ELECTRICAL SUPPLIES AND SERVICE FOR NEW HOMES OR FOR RENOVATIONS
WE DO NEW HOME PLUMBING ALSO
CONTACT:
PAUL'S
PLUMBING & ELECTRICAL SUPPLY

4774 Main Street, (At 32nd.)
Vancouver, B.C.
PH: 872-3118 (Supply)
872-7227 (Service)
"Free customer parking at rear" OPEN SUNDAYS

United Realty Ltd.
3879 Oak Street, Vancouver, B.C. V6H 2M6

Malkit Dhami,
M.A. (Eco.)
Member of Prestigious M.L.S. Medallion Club For 83-84 85-86
■ BUYING
■ SELLING
Free Evaluation For Your Property Call Any Time Without Any Obligation
Bus. 736-3831 or Res. 434-8548
Pager - 687-1985 #2229

# ਕਾਂਗਰਸ ਦੇ ਅੰਦਰੂਨੀ ਮਤਭੇਦਾਂ ਕਾਰਨ ਰਾਜਸੀ ਖਿਲਾਅ — ਅਡਵਾਨੀ

ਨਵੀਂ ਦਿੱਲੀ — ਭਾਰਤੀ ਜਨਤਾ ਪਾਰਟੀ ਦੇ ਨੇਤਾ ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਦਾ ਵਿਚਾਰ ਹੈ ਕਿ ਕਾਂਗਰਸ (ਆਈ) ਦੀਆਂ ਅੰਦਰੂਨੀ ਸਮੱਸਿਆਵਾਂ ਕਾਰਨ ਦੇਸ਼ ਵਿਚ ਇਕ "ਰਾਜਸੀ ਖਿਲਾਅ" ਉਭਰ ਕੇ ਸਾਹਮਣੇ ਆਇਆ ਹੈ। ਉਨ੍ਹਾਂ ਕਿਹਾ ਕਿ ਸ੍ਰੀਮਤੀ ਇੰਦਰਾ ਗਾਂਧੀ ਦੀ ਕੈਬਨਿਟ ਵਿਚ ਨੰਬਰ ਦੋ ਨੂੰ ਹੁਕਮਰਾਨ ਪਾਰਟੀ ਤੋਂ ਕੱਢ ਦਿਤਾ ਗਿਆ। ਇਸ ਤੋਂ ਇਲਾਵਾ ਤਿੰਨ ਹੋਰ ਸੀਨੀਅਰ ਨੇਤਾਵਾਂ ਨੂੰ ਪਾਰਟੀ ਤੋਂ ਕੱਢਿਆ ਗਿਆ ਹੈ ਅਤੇ ਇਹ ਇਕ ਬਹੁਤ ਗੰਭੀਰ ਮਾਮਲਾ ਹੈ ਅਤੇ ਪਾਰਟੀ ਤੋਂ ਮੁਅੱਤਲੀਆਂ ਕਿਸੇ ਸੰਕਟ ਦਾ ਸੰਕੇਤ ਹਨ। 1975 ਵਿਚ ਵਿਰੋਧੀ ਧਿਰ ਦੇ ਅੰਦੋਲਨ ਅਤੇ ਐਮਰਜੈਂਸੀ ਪਿਛੋਂ ਸਰਕਾਰ ਬਦਲਣ ਨੂੰ ਦੋ ਸਾਲ ਲੱਗੇ। ਹੁਣ ਹੋ ਸਕਦੈ ਇਕ ਸਾਲ ਹੀ ਲੱਗੇ।

ਉਨ੍ਹਾਂ ਕਿਹਾ ਕਿ ਮੌਜੂਦਾ ਹਾਲਤ ਵਿਚ ਬਹੁਤ ਸਾਰੇ ਲੋਕ ਦੋ ਪਾਰਟੀ ਪ੍ਰਣਾਲੀ ਚਾਹੁੰਦੇ ਹਨ। ਭਾਵੇਂ ਇਸ ਪ੍ਰਣਾਲੀ ਦੀ ਲੋੜ ਜਾਪਦੀ ਹੈ ਪਰ ਇਹ ਹਮੇਸ਼ਾਂ ਠੀਕ ਵੀ ਨਹੀਂ ਹੁੰਦੀ। ਵਿਰੋਧੀ ਪਾਰਟੀਆਂ ਆਪਣੀਆਂ ਪਾਰਟੀਆਂ ਨੂੰ ਇਕ ਪਲੇਟਫਾਰਮ ਉਤੇ ਨਹੀਂ ਲਿਆ ਸਕੀਆਂ। ਇਸੇ ਲਈ ਹੇਠਲੀ ਪੱਧਰ ਉਤੇ ਇਕ ਸਾਂਝਾ ਫਰੰਟ ਕਾਇਮ ਕੀਤਾ ਜਾਣਾ ਚਾਹੀਦਾ ਹੈ। ਸ੍ਰੀ ਅਡਵਾਨੀ ਨੇ ਰਾਸ਼ਟਰਪਤੀ ਦੇ ਰੁਤਬੇ ਦੀ ਕਦਰ ਘਟਣ ਉਤੇ ਦੁੱਖ ਪ੍ਰਗਟ ਕੀਤਾ ਤੇ ਕਿਹਾ ਕਿ ਪ੍ਰਧਾਨ ਮੰਤਰੀ ਦਾ ਫਰਜ਼ ਬਣਦਾ ਹੈ ਕਿ ਉਹ ਰਾਸ਼ਟਰਪਤੀ ਦਾ ਸਤਿਕਾਰ ਕਰੇ ਅਤੇ ਰਵਾਇਤਾਂ ਦੀ ਪਾਲਣਾ ਕਰੇ। ਨਵੇਂ ਭਾਜਪਾ ਮੁਖੀ ਨੇ ਅਟੱਲ ਬਿਹਾਰੀ ਵਾਜਪਾਈ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਇਕ ਸਰਵੇ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਸ੍ਰੀ ਵਾਜਪਾਈ ਪ੍ਰਧਾਨ ਮੰਤਰੀ ਦਾ ਬਦਲ ਹਨ। ਇਸ ਤੋਂ ਪਹਿਲਾਂ ਸ੍ਰੀ ਵਾਜਪਾਈ ਨੇ ਕਿਹਾ ਸੀ ਕਿ ਭਾਵੇਂ ਉਹ ਪ੍ਰਧਾਨਗੀ ਪਦ ਤੋਂ ਰਿਟਾਇਰ ਹੋ ਰਹੇ ਹਨ ਤਾਂ ਵੀ ਉਹ ਇਕ ਸਰਗਰਮ ਵਰਕਰ ਦੇ ਰੂਪ ਵਿਚ ਕੰਮ ਕਰਦੇ ਰਹਿਣਗੇ।

# ਲੁੱਟ-ਖੋਹ ਦੀਆਂ ਵਾਰਦਾਤਾਂ ਸਬੰਧੀ ਸੱਤ ਵਿਅਕਤੀ ਫੜੇ

ਪਟਿਆਲਾ — ਜ਼ਿਲਾ ਪੁਲੀਸ ਨੇ ਸੱਤ ਅਜਿਹੇ ਵਿਅਕਤੀ ਫੜਨ ਦਾ ਦਾਅਵਾ ਕੀਤਾ ਹੈ ਜਿਨ੍ਹਾਂ 'ਚ ਸ਼ੱਕੀ ਅਤਿਵਾਦੀ ਤੇ ਖਤਰਨਾਕ ਅਪਰਾਧੀ ਸ਼ਾਮਲ ਹਨ। ਸੀਨੀਅਰ ਸੁਪਰਡੈਂਟ ਪੁਲੀਸ ਸ੍ਰੀ ਗੁਰਇਕਬਾਲ ਸਿੰਘ ਭੁੱਲਰ ਅਨੁਸਾਰ ਅਪਰਾਧੀਆਂ ਦੇ ਤਿੰਨ ਵੱਖ ਵੱਖ ਗਰੋਹਾਂ ਨਾਲ ਸਬੰਧਤ ਇਨ੍ਹਾਂ ਵਿਅਕਤੀਆਂ ਨੂੰ ਜ਼ਿਲੇ ਵਿਚੋਂ ਵੱਖ ਵੱਖ ਥਾਵਾਂ ਤੋਂ ਗ੍ਰਿਫਤਾਰ ਕੀਤਾ ਗਿਆ ਜਦੋਂ ਕਿ ਗਰੋਹਾਂ ਦੇ ਚਾਰ ਸਰਗਰਮ ਮੈਂਬਰ ਅਜੇ ਭਗੌੜੇ ਹਨ। ਇਥੇ ਇਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀ ਭੁੱਲਰ ਨੇ ਕਿਹਾ ਕਿ ਇਨ੍ਹਾਂ ਕੋਲੋਂ ਚੋਰੀ ਦੀਆਂ ਦੋ ਫੀਏਟ ਕਾਰਾਂ, ਇਕ ਮੋਟਰ ਸਾਈਕਲ, ਇਕ ਸਕੂਟਰ, ਦੋ ਮੋਪਡਾਂ, ਇਕ ਵੀ. ਸੀ. ਆਰ., ਤਿੰਨ ਬਿਜਲੀ ਦੀਆਂ ਮੋਟਰਾਂ, ਬਾਰਾਂ ਬੋਰ ਦੇ ਦੋ ਪਿਸਤੌਲ, ਛੇ ਕਾਰਤੂਸ ਤੇ ਗਿਆਰਾਂ ਹਜ਼ਾਰ ਰੁਪਏ ਨਕਦੀ ਬਰਾਮਦ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਹ ਗਰੋਹ ਪਟਿਆਲਾ, ਬਨੂੜ, ਸਰਹਿੰਦ ਤੇ ਬਸੀ ਪਠਾਣਾਂ ਇਲਾਕਿਆਂ ਵਿਚ ਵਾਰਦਾਤਾਂ ਕਰਦੇ ਰਹੇ ਹਨ। ਇਨ੍ਹਾਂ ਵਿਅਕਤੀਆਂ ਦੇ ਗ੍ਰਿਫਤਾਰ ਕੀਤੇ ਜਾਣ ਨਾਲ ਬਸੀ ਪਠਾਣਾ, ਬਨੂੜ, ਸਮਾਣਾ, ਸਰਹਿੰਦ ਤੇ ਸਰਹਿੰਦ ਥਾਣਿਆਂ ਵਿਚ ਲੁੱਟ ਖੋਹ ਤੇ ਚੋਰੀ ਦੀਆਂ ਘਟਨਾਵਾਂ ਦੇ ਧਾਰਾ 379, 382, 457, 380 ਤੇ ਅਸਲਾ ਐਕਟ ਦੀ ਧਾਰਾ 25 ਅਧੀਨ ਦਰਜ ਕੇਸਾਂ ਦਾ ਖੁਰਾ-ਖੋਜ ਲੱਭ ਲਿਆ ਹੈ।

# ਚੰਦਰ ਸ਼ੇਖਰ ਅਕਾਲੀਆਂ 'ਚ ਏਕਾ ਕਰਾਵੇ

ਸ਼ੋਲਾਪੁਰ — ਕਾਂਗਰਸ (ਐਸ) ਦੇ ਪ੍ਰਧਾਨ ਸ਼ਰਦ ਪਵਾਰ ਨੇ ਜਨਤਾ ਪਾਰਟੀ ਦੇ ਆਗੂ ਚੰਦਰ ਸ਼ੇਖਰ ਨੂੰ ਕਿਹਾ ਕਿ ਉਹ ਆਪਣਾ ਅਸਰ-ਰਸੂਖ ਵਰਤਦੇ ਹੋਏ ਪੰਜਾਬ 'ਚ ਅਕਾਲੀ ਦਲ ਦੇ ਵੱਖ ਵੱਖ ਧੜਿਆਂ ਦੀ ਏਕਤਾ ਕਰਾਉਣ ਲਈ ਯਤਨ ਕਰਨ। ਇਥੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਕਿਹਾ ਕਿ ਦੇਸ਼ ਦੀ ਏਕਤਾ ਅਤੇ ਇਕਮੁਠਤਾ ਨੂੰ ਬਚਾਉਣ ਲਈ ਇਸ ਨਾਜ਼ਕ ਸਮੇਂ ਵਿਰੋਧੀ ਪਾਰਟੀਆਂ ਨੂੰ ਪੂਰਾ ਸਹਿਯੋਗ ਦੇਣਾ ਚਾਹੀਦਾ ਹੈ। ਸ੍ਰੀ ਸ਼ਰਦ ਪਵਾਰ ਨੇ ਕਿਹਾ ਕਿ ਸ੍ਰੀ ਚੰਦਰ ਸ਼ੇਖਰ ਮਹਾਨ ਦੇਸ਼ ਭਗਤ ਹਨ ਤੇ ਇਸ ਸਮੇਂ ਉਹ ਅਹਿਮ ਰੋਲ ਅਦਾ ਕਰ ਸਕਦੇ ਹਨ। ਉਨ੍ਹਾਂ ਸਪੱਸ਼ਟ ਕੀਤਾ ਕਿ ਉਹ ਕਾਂਗਰਸ (ਆਈ) ਵਿਚ ਸ਼ਾਮਲ ਹੋਣ ਦੀ ਬਿਲਕੁਲ ਨਹੀਂ ਸੋਚਦੇ ਅਤੇ ਸੀ ਰਾਜੀਵ ਗਾਂਧੀ ਨਾਲ ਉਨ੍ਹਾਂ ਦੀ ਮੁਲਾਕਾਤ ਇਕ ਵਿਰੋਧੀ ਆਗੂ ਵਲੋਂ ਪ੍ਰਧਾਨ ਮੰਤਰੀ ਨਾਲ ਕੀਤੀ ਆਮ ਮੁਲਾਕਾਤ ਸੀ।

# 468 ਪੰਚਾਇਤਾਂ ਵਲੋਂ ਬਰਨਾਲਾ ਦੀ ਹਮਾਇਤ

ਹੁਸ਼ਿਆਰਪੁਰ — ਦਸੂਹਾ ਤੇ ਬਲਾਚੌਰ ਸਬ ਡਿਵੀਜ਼ਨਲ ਮੈਜਿਸਟਰੇਟਾਂ ਨੇ ਦਾਅਵਾ ਕੀਤਾ ਕਿ ਦੋਵਾਂ ਸਬ ਡਿਵੀਜ਼ਨਾਂ ਦੀਆਂ 468 ਪੰਚਾਇਤਾਂ ਨੇ ਦਰਬਾਰ ਸਾਹਿਬ ਵਿਚੋਂ ਅਤਿਵਾਦੀਆਂ ਨੂੰ ਬਾਹਰ ਕੱਢਣ ਲਈ ਪੁਲੀਸ ਕਾਰਵਾਈ ਦੀ ਹਮਾਇਤ ਕੀਤੀ। ਇਕ ਸਰਕਾਰੀ ਤਰਜਮਾਨ ਨੇ ਇਥੇ ਦੱਸਿਆ ਕਿ ਉਕਤ ਪੰਚਾਇਤਾਂ ਨੇ ਮਤਾ ਪਾਸ ਕਰਕੇ ਬਰਨਾਲਾ ਸਰਕਾਰ ਨੂੰ ਕਿਹਾ ਹੈ ਕਿ ਉਹ ਅਗੇ ਤੋਂ ਧਾਰਮਿਕ ਅਸਥਾਨਾਂ ਦੀ ਕੁਵਰਤੋਂ ਕਰਨ ਦੀ ਆਗਿਆ ਨਾ ਦੇਵੇ

ਇਕ ਹੋਰ ਮਤੇ ਰਾਹੀਂ ਪੰਚਾਇਤਾਂ ਨੇ ਦੋਸ਼ ਲਾਇਆ ਕਿ 27 ਨਾਰਾਜ਼ ਅਕਾਲੀ ਵਿਧਾਇਕ ਅਤਿਵਾਦੀਆਂ ਦੀ ਮਦਦ ਕਰ ਰਹੇ ਹਨ ਅਤੇ ਉਨ੍ਹਾਂ ਨੂੰ ਪੰਜਾਬ ਵਿਚ ਬੇਦੋਸ਼ਿਆਂ ਦੇ ਕਤਲਾਂ ਦੇ ਦੋਸ਼ਾਂ ਤੋਂ ਮੁਕਤ ਨਹੀਂ ਕੀਤਾ ਜਾ ਸਕਦਾ ਮਤੇ ਵਿਚ ਕਿਹਾ ਗਿਆ ਹੈ ਕਿ 27 ਵਿਧਾਇਕਾਂ ਨੇ ਪੁਲੀਸ ਕਾਰਵਾਈ ਦੀ ਵਿਰੋਧਤਾ ਕਰਕੇ ਨਾ ਸਿਰਫ ਅਕਾਲੀ ਦਲ ਨਾਲ ਗਦਾਰੀ ਕੀਤੀ ਹੈ ਸਗੋਂ ਪੰਜਾਬ ਨਾਲ ਵੀ ਧਰੋਹ ਕਮਾਇਆ ਹੈ।

ਅਮਲੋਹ — ਆਲ ਇੰਡੀਆ ਭਾਈ ਜੈਤਾ ਜੀ ਫੈਡਰੇਸ਼ਨ ਦੇ ਵਿਸ਼ੇਸ਼ ਸਕੱਤਰ ਰਾਜਿੰਦਰ ਸਿੰਘ ਸਹੋਤਾ ਨੇ ਦਰਬਾਰ ਸਾਹਿਬ ਵਿਚ ਪੁਲੀਸ ਕਾਰਵਾਈ ਦੀ ਪ੍ਰਸ਼ੰਸਾ ਕੀਤੀ। ਉਨ੍ਹਾਂ ਨੇ ਇਕ ਬਿਆਨ ਰਾਹੀਂ ਬਾਬਾ ਜੀਵਨ ਸਿੰਘ ਮਜ਼ਹਬੀ ਦਲ ਅਤੇ ਭਾਈ ਜੈਤਾ ਜੀ ਫੈਡਰੇਸ਼ਨ ਵਲੋਂ ਅਮਨ-ਕਾਨੂੰਨ ਦੀ ਹਾਲਤ ਵਿਚ ਪੰਜਾਬ ਸਰਕਾਰ ਨੂੰ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ। ਸ੍ਰੀ ਸਹੋਤਾ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਮਨ-ਕਾਨੂੰਨ ਦੀ ਹਾਲਤ ਠੀਕ ਕਰਨ ਲਈ ਬਰਨਾਲਾ ਸਰਕਾਰ ਨੂੰ ਸਹਿਯੋਗ ਦੇਣ।

# ਪੰਜਾਬੀ ਸਾਹਿਤ ਅਕਾਡਮੀ ਦੀ ਚੋਣ - ਪ੍ਰਿੰਸੀਪਲ ਪ੍ਰੀਤਮ ਸਿੰਘ ਪ੍ਰਧਾਨ ਬਣੇ

ਲੁਧਿਆਣਾ — ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੀ ਚੋਣ ਇਥੇ ਪੰਜਾਬੀ ਭਵਨ ਵਿਚ ਹੋਈ ਤੇ ਪ੍ਰਿੰਸੀਪਲ ਪ੍ਰੀਤਮ ਸਿੰਘ ਨੂੰ ਪ੍ਰਧਾਨ ਚੁਣਿਆ ਗਿਆ। ਉਨ੍ਹਾਂ ਨੇ ਆਪਣੇ ਵਿਰੋਧੀ ਉਮੀਦਵਾਰ ਡਾ. ਗੁਰਚਰਨ ਸਿੰਘ (ਚੰਡੀਗੜ੍ਹ) ਨਾਲੋਂ 69 ਵੋਟਾ ਵੱਧ ਲਈਆਂ। ਡਾ. ਅਤਰ ਸਿੰਘ ਬਿਨਾਂ ਮੁਕਾਬਲਾ ਸੀਨੀਅਰ ਉਪ ਪ੍ਰਧਾਨ ਚੁਣੇ ਗਏ। ਡਾ. ਪਰਮਿੰਦਰ ਸਿੰਘ ਨੂੰ ਬਿਨਾਂ ਮੁਕਾਬਲਾ ਜਨਰਲ ਸਕੱਤਰ ਚੁਣ ਲਿਆ ਗਿਆ।

ਸਰਵ ਸ੍ਰੀ ਸੁਜਾਨ ਸਿੰਘ, ਪਿਆਰਾ ਸਿੰਘ, ਡਾ. ਹਰਚਰਨ ਸਿੰਘ, ਐਚ. ਐਸ. ਭੱਟੀ ਤੇ ਸ੍ਰੀਮਤੀ ਪ੍ਰਭਜੋਤ ਕੌਰ ਨੂੰ ਮੀਤ ਪ੍ਰਧਾਨ ਚੁਣਿਆ ਗਿਆ। ਐਗਜ਼ੈਕਟਿਵ ਵਿਚ ਸਰਵਸ੍ਰੀ ਸੁਰਿੰਦਰ ਸਿੰਘ ਨਰੂਲਾ, ਡਾ. ਗੁਰਚਰਨ ਸਿੰਘ( ਪਟਿਆਲਾ), ਨਿਰੰਜਨ ਸਿੰਘ ਮਾਨ, ਡਾ. ਜੋਗਿੰਦਰ ਸਿੰਘ, ਗੁਰਭਜਨ ਗਿੱਲ, ਡਾ. ਰਵਿੰਦਰ ਰਵੀ, ਪਿਆਰਾ ਸਿੰਘ ਭੋਗਲ, ਦਿਲਜੰਗ ਸਿੰਘ ਜੌਹਰ, ਡਾ. ਸ. ਪੀ. ਸਿੰਘ ਤੇ ਮੇਹਰ ਸਿੰਘ ਰੋਪੜ ਨੂੰ ਚੁਣਿਆ ਗਿਆ। ਡਾ. ਪਰਮਿੰਦਰ ਸਿੰਘ ਨੇ ਅਕਾਡਮੀ ਦੀ ਸਾਲਾਨਾ ਰਿਪੋਰਟ ਪੜ੍ਹੀ ਤੇ ਬਜਟ ਪਾਸ ਕਰਵਾਇਆ। ਇਸ ਮੌਕੇ ਉਤੇ ਦੋ ਫੈਸਲੇ ਲਏ ਗਏ ਕਿ ਮਰਹੂਮ ਡਾ. ਮਹਿੰਦਰ ਸਿੰਘ ਰੰਧਾਵਾ ਦੀ ਯਾਦ ਵਿਚ ਅਕਾਡਮੀ ਵਲੋਂ ਹਰ ਸਾਲ ਲੈਕਚਰ ਤੇ ਨਾਟਕ ਮੇਲਾ ਕਰਾਇਆ ਜਾਇਆ ਕਰੇਗਾ। ਚੋਣ ਸਮਾਗਮ ਵਿਚ ਪੰਜਾਬ ਭਰ ਦੇ ਤੇ ਬਾਹਰਲੇ ਸੂਬਿਆਂ ਦੇ ਲਗਭਗ 150 ਲੇਖਕਾਂ ਨੇ ਭਾਗ ਲਿਆ।

## ਸੋਹਲ ਗ੍ਰਿਫਤਾਰ

ਅੰਮ੍ਰਿਤਸਰ — ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਮਨਜੀਤ ਸਿੰਘ) ਦੇ ਸੀਨੀਅਰ ਨੇਤਾ ਸ੍ਰੀ ਸਰਬਜੀਤ ਸਿੰਘ ਸੋਹਲ ਜਿਨ੍ਹਾਂ ਨੂੰ ਕਾਲਜ ਵਿਚ ਪੁਲੀਸ ਮੁਕਾਬਲੇ ਸਮੇਂ ਹਿਰਾਸਤ ਵਿਚ ਲਿਆ ਗਿਆ ਸੀ ਨੂੰ ਬਕਾਇਦਾ ਗ੍ਰਿਫਤਾਰ ਕਰ ਲਿਆ ਗਿਆ ਅਤੇ ਸ੍ਰੀ ਅਮਰਜੀਤ ਸਿੰਘ ਚਾਵਲਾ ਜੋ ਕਿ ਜ਼ਖਮੀ ਹੋ ਗਏ ਸਨ ਨੂੰ ਹਸਪਤਾਲ ਵਿਚੋਂ ਵਾਪਸ ਕੇਂਦਰੀ ਜੇਲ੍ਹ ਵਿਚ ਭੇਜ ਿਦਤਾ ਗਿਆ ਹੈ।

# ਸਤਵੰਤ ਸਿੰਘ ਵਲੋਂ ਨਵੀਂ ਰਿੱਟ ਦਾਇਰ — ਸੁਣਵਾਈ ਮੁਲਤਵੀ

ਨਵੀਂ ਦਿੱਲੀ — ਸ੍ਰੀਮਤੀ ਇੰਦਰਾ ਗਾਂਧੀ ਦੇ ਕਤਲ ਕੇਸ ਦੇ ਮੁਕੱਦਮੇ ਦਾ ਸਾਹਮਣਾ ਕਰ ਰਹੇ ਸ੍ਰੀ ਸਤਵੰਤ ਸਿੰਘ ਦੀ ਰਿੱਟ ਪਟੀਸ਼ਨ ਉਤੇ ਦਿੱਲੀ ਹਾਈ ਕੋਰਟ ਨੇ ਸੁਣਵਾਈ ਮੁਲਤਵੀ ਕਰ ਦਿਤੀ ਹੈ। ਸ੍ਰੀ ਸਤਵੰਤ ਸਿੰਘ ਵਲੋਂ ਦਾਇਰ ਰਿੱਟ ਪਟੀਸ਼ਨ ਵਿਚ ਹਾਈ ਕੋਰਟ ਨੂੰ ਬੇਨਤੀ ਕੀਤੀ ਗਈ ਹੈ ਕਿ ਉਹ ਕੇਂਦਰੀ ਸਰਕਾਰ ਨੂੰ ਠੱਕਰ ਕਮਿਸ਼ਨ ਦੀ ਰਿਪੋਰਟ ਪਾਰਲੀਮੈਂਟ ਵਿਚ ਪੇਸ਼ ਕਰਨ ਦੀ ਹਦਾਇਤ ਦੇਵੇ। ਦਿੱਲੀ ਹਾਈਕੋਰਟ ਨੇ ਇਸ ਸਬੰਧ ਵਿਚ ਕੇਂਦਰ ਸਰਕਾਰ ਨੂੰ ਜਵਾਬ ਦੇਣ ਲਈ ਨੋਟਿਸ ਜਾਰੀ ਕਰ ਦਿਤਾ ਹੈ। ਇਹ ਵਰਨਣਯੋਗ ਹੈ ਕਿ ਸ੍ਰੀਮਤੀ ਗਾਂਧੀ ਦੀ ਮੌਤ ਦੇ ਕਾਰਨਾਂ ਦੀ ਜਾਂਚ ਕਰਨ ਲਈ ਕੇਂਦਰੀ ਸਰਕਾਰ ਨੇ 20 ਨਵੰਬਰ 1984 ਨੂੰ ਠੱਕਰ ਕਮਿਸ਼ਨ ਕਾਇਮ ਕੀਤਾ ਸੀ ਅਤੇ ਇਹ ਕਮਿਸ਼ਨ ਹੁਣ ਤੱਕ ਸਰਕਾਰ ਨੂੰ ਦੋ ਰਿਪੋਰਟਾਂ ਦੇ ਚੁੱਕਾ ਹੈ।

# ਬਰਨਾਲਾ ਦੀ ਅਕਾਲ ਤਖਤ ਅੱਗੇ ਪੇਸ਼ੀ

ਚੰਡੀਗੜ੍ਹ — ਪੰਜਾਬ ਦੇ ਮੁੱਖ ਮੰਤਰੀ ਸ: ਸੁਰਜੀਤ ਸਿੰਘ ਬਰਨਾਲਾ ਨੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਹ ਦਰਬਾਰ ਸਾਹਿਬ ਵਿਚ ਕੀਤੀ ਗਈ ਕਾਰਵਾਈ ਬਦਲੇ ਸ੍ਰੀ ਅਕਾਲ ਤਖਤ ਸਾਹਿਬ ਅਗੇ ਪੇਸ਼ ਇਸ ਲਈ ਹੋਏ ਹਨ ਕਿ ਉਨ੍ਹਾਂ ਦਾ ਵਿਰੋਧੀ ਧੜਾ ਧਾਰਮਿਕ ਜਜ਼ਬਾਤ ਨੂੰ ਠੇਸ ਪੁੱਜਣ ਦੇ ਬਹਾਨੇ ਸਿਆਸੀ ਲਾਭ ਉਠਾਉਣਾ ਚਾਹੁੰਦਾ ਹੈ। ਬਾਗੀ ਵਿਧਾਇਕਾਂ ਵਲੋਂ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਹੁਣ ਜਦੋਂ ਦਰਬਾਰ ਸਾਹਿਬ ਨੂੰ ਅਤਿਵਾਦੀਆਂ ਤੋਂ ਖਾਲੀ ਕਰਵਾ ਲਿਆ ਗਿਆ ਹੈ ਤਾਂ ਇਹ ਨੇਤਾ ਵੀ ਉਥੇ ਗਏ ਹਨ ਪਰ ਚੰਗਾ ਹੁੰਦਾ ਜੇਕਰ ਉਹ ਇਸ ਤੋਂ ਪਹਿਲਾਂ ਵੀ ਉਥੇ ਜਾਣ ਦੀ ਦਲੇਰੀ ਵਿਖਾਂਦੇ। ਉਨ੍ਹਾਂ ਨੂੰ ਦਰਸ਼ਨਾਂ ਦਾ ਇਹ ਮੌਕਾ ਕੇਵਲ ਪੁਲੀਸ ਕਾਰਵਾਈ ਪਿਛੋਂ ਹੀ ਮਿਲਿਆ ਹੈ। ਇਸ ਲਈ ਉਨ੍ਹਾਂ ਨੂੰ ਸਰਕਾਰ ਦਾ ਧੰਨਵਾਦੀ ਹੋਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਇਹ ਵਿਧਾਇਕ ਮੇਰੇ ਵਿਰੁੱਧ ਇਕ ਧੜਾ ਬਣ ਕੇ ਉਠ ਖੜ੍ਹੇ ਹੋਏ। ਉਨ੍ਹਾਂ ਦੇ ਇਰਾਦੇ ਨੇਕ ਨਹੀਂ ਸਨ। ਉਹ ਸਿਰਫ ਮੈਨੂੰ ਹਟਾਉਣ ਵਿਚ ਹੀ ਦਿਲਚਸਪੀ ਰਖਦੇ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਅਗੇ ਪੇਸ਼ੀ ਪਾਰਟੀ ਵਿਚ ਏਕੇ ਖਾਤਰ ਕੀਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਪਿੰਡਾਂ ਵਿਚ ਹਥਿਆਰਾਂ ਦੇ ਲਾਈਸੈਂਸ ਦੇਣ ਦੇ ਸਵਾਲ ਉਤੇ ਵਿਚਾਰ ਕਰ ਰਹੀ ਹੈ। ਹਥਿਆਰਾਂ ਲਈ ਇਹ ਲਾਇਸੈਂਸ ਸਾਬਕਾ ਸੈਨਿਕਾਂ ਸਮੇਤ ਹੋਰਨਾਂ ਨੂੰ ਵੀ ਦਿਤੇ ਜਾਣਗੇ।

# ਗੈਰਹਾਜ਼ਰ ਕਾਂਗਰਸ ਐਮ. ਪੀਜ਼ ਦੀ ਸੂਚੀ ਰਾਜੀਵ ਨੂੰ ਭੇਜੀ

ਨਵੀਂ ਦਿੱਲੀ — ਸਮਝਿਆ ਜਾਂਦਾ ਹੈ ਕਿ ਕਾਂਗਰਸ (ਆਈ) ਪਾਰਲੀਮਾਨੀ ਪਾਰਟੀ ਨੇ ਉਨ੍ਹਾਂ 44 ਪਾਰਲੀਮਾਨੀ ਮੈਂਬਰਾਂ ਦੀ ਸੂਚੀ ਪ੍ਰਧਾਨ ਮੰਤਰੀ ਨੂੰ ਭੇਜ ਦਿੱਤੀ ਹੈ ਜਿਹੜੇ ਮੁਸਲਿਮ ਤਲਾਕ ਬਿੱਲ ਬਾਰੇ ਵੋਟਾਂ ਪੈਣ ਸਮੇਂ ਸਦਨ ਵਿਚੋਂ ਗੈਰਹਾਜ਼ਰ ਸਨ। ਇਹ ਗੱਲ ਹੁਣ ਪ੍ਰਧਾਨ ਮੰਤਰੀ ਉਤੇ ਨਿਰਭਰ ਕਰਦੀ ਹੈ ਕਿ ਉਹ ਇਸ ਸਬੰਧ ਵਿਚ ਕੋਈ ਅਨੁਸ਼ਾਸਨੀ ਕਾਰਵਾਈ ਕਰਦੇ ਹਨ ਜਾਂ ਨਹੀਂ। ਇਸ ਸੂਚੀ ਵਿਚ ਦੋ ਮੌਜੂਦਾ ਕੈਬਨਿਟ ਮੰਤਰੀ ਸ੍ਰੀਮਤੀ ਮੋਹਸਿਨਾ ਕਿਦਵਾਈ ਅਬਦੁਲ ਗਨੀ ਖਾਨ ਚੌਧਰੀ ਤੋਂ ਇਲਾਵਾ ਦੋ ਸਾਬਕਾ ਵਜ਼ੀਰ ਵੀ. ਸੀ. ਸ਼ੁਕਲਾ ਅਤੇ ਵੀ. ਐਨ. ਪਾਟਿਲ ਸ਼ਾਮਲ ਹਨ। ਇਹ ਵੀ ਪਤਾ ਲੱਗਾ ਹੈ ਕਿ ਇਨ੍ਹਾਂ 44 ਮੈਂਬਰਾਂ ਵਿਚੋਂ 29 ਦੀ ਪੁੱਛਗਿਛ ਕਰ ਲਈ ਗਈ ਹੈ ਅਤੇ ਬਾਕੀ ਦੇ ਪੰਦਰਾਂ ਮੈਂਬਰਾਂ ਕੋਲੋਂ ਤਸੱਲੀਬਖਸ਼ ਜਵਾਬ ਲੈ ਲਿਆ ਜਾਵੇਗਾ।

# ਲੰਕਾ ਦੀ ਸਰਕਾਰ ਵਲੋਂ ਗੁਰੀਲਾ ਟਿਕਾਣਿਆਂ ਉਤੇ ਬੰਬਾਰੀ

ਜਫਨਾ — ਲੰਕਾ ਦੀ ਸਰਕਾਰ ਨੇ ਤਾਮਿਲ ਗੁਰੀਲਿਆਂ ਵਿਰੁੱਧ ਹਵਾਈ ਜਹਾਜ਼ਾਂ ਰਾਹੀਂ ਬੰਬ ਸੁੱਟ ਕੇ 54 ਵਿਅਕਤੀ ਜ਼ਖਮੀ ਕਰ ਦਿਤੇ ਹਨ ਅਤੇ ਕਾਫੀ ਮੌਤਾਂ ਵੀ ਹੋਈਆਂ ਦੱਸੀਆਂ ਜਾਂਦੀਆਂ ਹਨ। ਲੰਕਾ ਦੀ ਸਰਕਾਰ ਵਲੋਂ ਜਫਨਾ ਦੇ ਇਲਾਕੇ ਵਿਚ ਬੰਬਾਰੀ ਦਾ ਪ੍ਰਤੀਕਰਮ ਗੁਰੀਲਿਆਂ ਵਲੋਂ ਸਿਨਹਾਲੀ ਫੌਜੀਆਂ ਵਿਰੁੱਧ ਹਮਲਿਆਂ ਵਿਚ ਦਿਤਾ ਜਾਣ ਦੀਆਂ ਖਬਰਾਂ ਵੀ ਮਿਲੀਆਂ ਹਨ।

ਲੋਕ ਸਭਾ ਦੇ ਕਈ ਮੈਂਬਰਾਂ ਨੇ ਮੰਗ ਕੀਤੀ ਹੈ ਕਿ ਤਾਮਿਲਾਂ ਨਾਲ ਗਲਬਾਤ ਰਾਹੀਂ ਇਹ ਮਸਲਾ ਸੁਲਝਾਇਆ ਜਾਣਾ ਚਾਹੀਦਾ ਹੈ।

**For Advertisement**

**Phone (604) 581-4473**


# ALLWAYS TRAVEL

IATA APPOINTED AGENCY



- For Travel Around the World
- Complete Travel Arrangements

ਦੁਨੀਆਂ ਦੇ ਕਿਸੇ ਵੀ ਹਿੱਸੇ ਵਿਚ ਜਾਣਾ ਹੋਵੇ ਤਾਂ ਆਲਵੇਜ਼ ਟਰੈਵਲ ਤੇ ਆਓ !

ਸਾਡੇ ਕੋਲ ਟਰੈਵਲ ਦੀਆਂ ਪੂਰੀਆਂ ਸੇਵਾਵਾਂ ਹਨ

**Book Your Reservation Now For SUMMER SPECIAL FARE**

To INDIA, PAKISTAN, FIJI & LONDON etc.

ਗਰਮੀਆਂ ਵਿਚ ਇੰਡੀਆ, ਪਾਕਿਸਤਾਨ, ਫੀਜ਼ੀ ਜਾਂ ਲੰਡਨ ਜਾਣ ਲਈ ਸਪੈਸ਼ਲ ਕਿਰਾਏ ਲਈ ਆਪਣੀ ਬੁਕਿੰਗ ਕਰਾਓ

For more information : **Ph. 875-1441**

3657 Main St. (20th Ave.) Vancouver, B.C. V5V 3N6

# ਸ਼੍ਰੋਮਣੀ ਕਮੇਟੀ ਵਲੋਂ ਬਾਗੀਆਂ ਵਿਰੁੱਧ ਬਰਨਾਲਾ ਦੀ ਹਮਾਇਤ

ਚੰਡੀਗੜ੍ਹ — ਮੁੱਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਨੇ ਨਾਰਾਜ਼ ਧੜੇ ਵਿਰੁੱਧ ਆਪਣੀ ਪੁਜ਼ੀਸ਼ਨ ਹੋਰ ਮਜ਼ਬੂਤ ਕਰ ਲਈ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਨ੍ਹਾਂ ਦੀ ਹਮਾਇਤ ਕਰਨ ਦਾ ਐਲਾਨ ਕਰ ਦਿਤਾ। ਕਮੇਟੀ ਦੇ ਪ੍ਰਧਾਨ ਕਾਬਲ ਸਿੰਘ ਨੇ ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ "ਗੈਰ ਜਿੰਮੇਵਾਰਾਨਾ ਅਤੇ ਪੰਥ ਵਿਰੋਧੀ ਕਾਰਵਾਈਆਂ" ਕਰਨ ਬਦਲੇ ਤਿੰਨ ਮੰਤਰੀਆਂ - ਅਮਰਿੰਦਰ ਸਿੰਘ, ਸੁਖਜਿੰਦਰ ਸਿੰਘ ਅਤੇ ਸੁੱਚਾ ਸਿੰਘ ਛੋਟੇਪੁਰ - ਵਿਰੁੱਧ ਕਾਰਵਾਈ ਕਰਨੀ ਬਿਲਕੁਲ ਠੀਕ ਹੈ। ਉਨ੍ਹਾਂ ਰਵੀਇੰਦਰ ਸਿੰਘ ਨੂੰ ਸਪੀਕਰ ਦੇ ਅਹੁਦੇ ਤੋਂ ਹਟਾਏ ਜਾਣ ਬਾਰੇ ਮੰਤਰੀ ਮੰਡਲ ਵਲੋਂ ਲਏ ਗਏ ਫੈਸਲੇ ਦੀ ਵੀ ਪ੍ਰੋੜ੍ਹਤਾ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਥਕ ਕਮੇਟੀ ਨੂੰ ਹਰਿਮੰਦਰ ਸਾਹਿਬ ਕੰਪਲੈਕਸ ਤੋਂ 'ਖਾਲਿਸਤਾਨ' ਦਾ ਐਲਾਨ ਨਹੀਂ ਸੀ ਕਰਨਾ ਚਾਹੀਦਾ ਕਿਉਂ ਜੋ ਉਹ ਸਥਾਨ ਸਾਂਝੀਵਾਲਤਾ ਦਾ ਪਰਤੀਕ ਹੈ। ਇਸ ਤੋਂ ਪਹਿਲਾਂ ਇਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਦੀ ਗੈਰ ਰਸਮੀ ਮੀਟਿੰਗ ਕਾਬਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਉਨ੍ਹਾਂ ਪੁਲੀਸ ਐਕਸ਼ਨ ਬਾਰੇ ਪੁੱਛੇ ਗਏ ਸੁਆਲ ਦਾ ਜੁਆਬ ਦਿੰਦੇ ਹੋਏ ਕਿਹਾ ਕਿ ਉਹ ਆਪਣਾ ਸਟੈਂਡ ਪਹਿਲਾਂ ਹੀ ਸਪਸ਼ਟ ਕਰ ਚੁੱਕੇ ਹਨ ਅਤੇ ਇਸ ਬਾਰੇ ਕੁਝ ਨਹੀਂ ਕਹਿਣਗੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਇਕ ਮਤਾ ਪਾਸ ਕਰ ਕੇ ਸਿੱਖ ਪੰਥ ਨੂੰ ਅਪੀਲ ਕੀਤੀ ਹੈ ਕਿ ਪੰਥ ਨੂੰ ਖੇਰੂੰ ਖੇਰੂੰ ਕਰਨ ਵਿਚ ਲੱਗੀਆਂ ਹੋਈਆਂ ਸ਼ਕਤੀਆਂ ਦਾ ਮੂੰਹ ਤੋੜਵਾਂ ਜੁਆਬ ਦਿਤਾ ਜਾਵੇ। ਉਨ੍ਹਾਂ ਕਿਹਾ ਕਿ ਇਸ ਸੰਕਟ ਸਮੇਂ ਸ਼੍ਰੋਮਣੀ ਅਕਾਲੀ ਦਲ ਦੀ "ਚੜ੍ਹਦੀ ਕਲਾ" ਲਈ ਪੰਥਕ ਸਫਾਂ ਵਿਚ ਏਕਤਾ ਬਹੁਤ ਜ਼ਰੂਰੀ ਹੈ। ਉਨ੍ਹਾਂ ਅਨੁਸਾਰ ਸਿੱਖ ਪੰਥ ਦੀ ਸਰਕਾਰ ਬਹੁਤ ਕੁਰਬਾਨੀਆਂ ਪਿਛੋਂ ਹੋਂਦ ਵਿਚ ਆਈ ਹੈ ਇਸ ਸਰਕਾਰ ਨੂੰ ਕਾਇਮ ਰੱਖਣ ਲਈ "ਕੇਸਰੀ ਨਿਸ਼ਾਨ" ਥੱਲੇ ਇਕੱਠੇ ਹੋਣਾ ਚਾਹੀਦਾ ਹੈ।

ਕਾਰਜਕਾਰਨੀ ਵਲੋਂ ਪਾਸ ਕੀਤੇ ਗਏ ਮਤੇ ਵਿਚ ਪੰਥ ਨੂੰ ਦੋਫਾੜ ਕਰਨ ਦੀ "ਸਾਜ਼ਿਸ਼" ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ ਹੈ। ਉਨ੍ਹਾਂ ਤਿੰਨ ਸਾਬਕਾ ਮੰਤਰੀਆਂ ਨੂੰ ਪਾਰਟੀ ਵਿਚੋਂ ਛੇ ਸਾਲ ਲਈ ਕੱਢਣ ਦੇ ਕਦਮ ਦੀ ਹਮਾਇਤ ਕੀਤੀ। ਪਾਸ ਕੀਤੇ ਮਤੇ ਵਿਚ ਕਿਹਾ ਗਿਆ ਹੈ ਕਿ ਕਾਰਜਕਾਰੀ ਕਮੇਟੀ ਦੀ ਇਕੱਤਰਤਾ "ਰਜਵਾੜਾ ਸ਼ਾਹੀ ਅਤੇ ਸਰਮਾਏਦਾਰੀ ਦੇ ਨਸ਼ੇ ਵਿਚ ਪੰਥਕ ਹਿਤਾਂ ਵਿਰੁੱਧ ਸ਼੍ਰੋਮਣੀ ਅਕਾਲੀ ਦਲ ਨੂੰ ਦੋਫਾੜ ਕਰਨ ਦੀ ਸਾਜ਼ਿਸ਼ ਦੀ ਜ਼ੋਰਦਾਰ ਸ਼ਬਦਾਂ ਵਿਚ ਨਿਖੇਧੀ ਕਰਦੀ ਹੈ।" ਇਸ ਦੇ ਨਾਲ ਹੀ ਸਮੁੱਚੇ ਸਿੱਖ ਪੰਥ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਸੌੜੇ ਹਿਤਾਂ ਤੋਂ ਉਪਰ ਉਠ ਕੇ ਅਕਾਲੀ ਦਲ ਦੇ ਪ੍ਰਧਾਨ ਸ. ਸੁਰਜੀਤ ਸਿੰਘ ਬਰਨਾਲਾ ਨੂੰ ਪੂਰਾ ਸਮਰਥਨ ਦੇਣ।

# 13 ਨਵੇਂ ਚੇਅਰਮੈਨ ਨਿਯੁਕਤ

ਚੰਡੀਗੜ੍ਹ — ਪੰਜਾਬ ਸਰਕਾਰ ਨੇ 13 ਸਰਕਾਰੀ ਕਾਰਪੋਰੇਸ਼ਨਾਂ ਦੇ ਚੇਅਰਮੈਨ ਨਿਯੁਕਤ ਕੀਤੇ ਹਨ। ਇਨ੍ਹਾਂ ਵਿਚੋਂ ਅੱਠ ਚੇਅਰਮੈਨ ਸ਼੍ਰੋਮਣੀ ਅਕਾਲੀ ਦਲ ਦੇ ਵਿਧਾਇਕ ਹਨ। ਸ੍ਰੀ ਜੌਹਰ ਸਿੰਘ ਐਮ. ਐਲ. ਏ. ਪਨਸਪ ਦੇ ਚੇਅਰਮੈਨ ਨਿਯੁਕਤ ਕੀਤੇ ਗਏ। ਪ੍ਰਕਾਸ਼ ਸਿੰਘ ਗੜ੍ਹਦੀਵਾਲਾ ਸ਼ੈਡਿਊਲਡ ਕਾਸਟਸ ਲੈਂਡ ਡਿਵੈਲਪਮੈਂਟ ਐਂਡ ਫਾਇਨਾਂਸ ਕਾਰਪੋਰੇਸ਼ਨ ਦੇ ਚੇਅਰਮੈਨ ਹੋਣਗੇ। ਸ੍ਰੀ ਗੁਰਦੀਪ ਸਿੰਘ ਐਮ. ਐਲ. ਏ. ਨੂੰ ਪੰਜਾਬ ਰਾਜ ਟਿਊਬਵੈਲ ਕਾਰਪੋਰੇਸ਼ਨ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ ਹੈ। ਸ੍ਰੀ ਰਣਜੀਤ ਸਿੰਘ ਐਮ. ਐਲ. ਏ. ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਦੇ ਚੇਅਰਮੈਨ ਹੋਣਗੇ। ਸ੍ਰੀ ਬਲਵੰਤ ਸਿੰਘ ਸਰਹਾਲੀ ਨੂੰ ਸਮਾਲ ਸਕੇਲ ਇੰਡਸਟਰੀ ਅਤੇ ਐਕਸਪੋਰਟ ਕਾਰਪੋਰੇਸ਼ਨ ਦਾ ਚੇਅਰਮੈਨ ਥਾਪਿਆ ਗਿਆ ਹੈ ਜਦੋਂ ਕਿ ਸ੍ਰੀ ਗੋਬਿੰਦ ਸਿੰਘ ਲੌਂਗੋਵਾਲ ਐਮ. ਐਲ. ਏ. ਨੂੰ ਮਾਰਕਫੈਡ ਦੀ ਚੇਅਰਮੈਨੀ ਸੌਂਪੀ ਗਈ ਹੈ।

ਸ੍ਰੀ ਪਰਸ਼ੋਤਮ ਸਿੰਘ ਐਮ ਐਲ ਏ ਪੰਜਾਬ ਰਾਜ ਐਗਰੋ ਇੰਡਸਟਰੀ ਕਾਰਪੋਰੇਸ਼ਨ ਦੇ ਚੇਅਰਮੈਨ ਨਿਯੁਕਤ ਕੀਤੇ ਗਏ ਹਨ। ਸ੍ਰੀ ਬਚਨ ਸਿੰਘ ਪੰਜਾਬ ਵੇਅਰਹਾਊਸਿੰਗ ਕਾਰਪੋਰੇਸ਼ਨ, ਸ੍ਰੀ ਦਰਸ਼ਨ ਸਿੰਘ ਈਸਾਪੁਰ ਪੰਜਾਬ ਮਕਾਨ ਉਸਾਰੀ ਵਿਕਾਸ ਬੋਰਡ, ਸ੍ਰੀ ਐਮ. ਸੀ. ਭਾਰਦਵਾਜ ਪੰਜਾਬ ਰਾਜ ਖਾਦੀ ਤੇ ਪੇਂਡੂ ਉਦਯੋਗ ਬੋਰਡ ਤੇ ਸ੍ਰੀ ਓਂਕਾਰ ਸਿੰਘ ਮੱਤੇਨੰਗਲ ਗੋਇੰਦਵਾਲ ਵਿਕਾਸ ਕਾਰਪੋਰੇਸ਼ਨ ਦੇ ਚੇਅਰਮੈਨ ਹੋਣਗੇ। ਸਾਬਕਾ ਵਿਧਾਇਕ ਹਰਬੰਸ ਸਿੰਘ ਘੁੰਮਣ ਨੂੰ ਪੰਜਾਬ ਭੂਮੀ ਵਿਕਾਸ ਕਾਰਪੋਰੇਸ਼ਨ ਅਤੇ ਸ. ਭਰਪੂਰ ਸਿੰਘ ਧਨੌਲਾ ਨੂੰ ਪੰਜਾਬ ਰਾਜ ਵਣ ਵਿਕਾਸ ਕਾਰਪੋਰੇਸ਼ਨ ਦਾ ਚੇਅਰਮੈਨ ਥਾਪਿਆ ਗਿਆ ਹੈ।

# ਐਡਾ ਸਾਡਾ ਕਿਹੜਾ ਦਰਦੀ!

—ਗਿਆਨ ਸਿੰਘ ਸੰਧੂ—

ਸਥਾਨ ਜਾਮਾ ਮਸਜਿਦ ਦਿੱਲੀ। ਦਿਨ ਸ਼ੁੱਕਰਵਾਰ। ਵਕਤ ਨਮਾਜ਼ ਜੁਮਾ ਨਾਅਰਾਏ ਤਕਬੀਰ ਅਲ੍ਹਾ ਹੂ ਅਕਬਰ। ਤੇ ਫਿਰ ਬੋਲੋ :

ਝਟਕਾ ਹਲਾਲ ਏਕ ਤਰਫ
ਮੂੰਗੀ ਕੀ ਦਾਲ ਏਕ ਤਰਫ

ਦਿੱਲੀ ਦੇ ਝਟਕਾ ਖੋਰ ਬਿਹਬਲ। ਵੇਖੋ ਕੈਸੀ ਕਰਵਟ ਬਦਲ ਰਹੀ ਹੈ। ਸਾਡੇ ਮੁਸਲਿਮ ਵੀਰ ਸਾਡੇ ਲਈ ਹਮਦਰਦੀ ਜਤਾ ਰਹੇ ਹਨ। ਹਿੰਦੂਆਂ ਸਾਡੇ ਨਾਲ ਬੁਰੀ ਤਰ੍ਹਾਂ ਕੀਤੀ ਇਤਿਆਦਿ। ਇਸ ਕਿਸਮ ਦੀਆਂ ਤਿਫਲ ਤਸੱਲੀਆਂ ਨੂੰ ਫਿਰਕਾਪ੍ਰਸਤ ਅਨਸਰਾਂ ਦੀ ਸ਼ਰਾਰਤ ਸਮਝਿਆ ਜਾਵੇ ਜਾਂ ਸਮੁੱਚੇ ਲੋਕਾਂ ਦਾ ਇਤਿਹਾਸਕ ਹੋਛਾਪਣ। ਆਮ ਬੰਦੇ ਨੂੰ ਸਮਝ ਨਹੀਂ ਆਉਂਦੀ ਪਰ ਉਹ ਇਸ ਪ੍ਰਕਾਰ ਦੇ ਟੋਟਕਿਆਂ ਨੂੰ ਜੇਬ ਵਿਚ ਇੰਜ ਪਾਈ ਫਿਰਦਾ ਹੈ ਜਿਵੇਂ ਜਹਾਲਤ ਦੇ ਸ਼ਿਕਾਰ ਹੋਏ ਧਾਗੇ ਤਵੀਤਾਂ ਨੂੰ ਬਾਹਾਂ ਨਾਲ ਬੰਨੀ ਫਿਰਦੇ ਹੁੰਦੇ ਹਨ। ਫਿਰਕਾਪ੍ਰਸਤੀ - ਸਿੱਖ, ਹਿੰਦੂ, ਮੁਸਲਿਮ - ਸਭ ਇਕ ਪ੍ਰਕਾਰ ਦੀ ਸਿਆਸਤ ਹੈ। ਐਸੀ ਸਿਆਸਤ ਜੋ ਅਵਾਮ ਨੂੰ ਵਧੇਰੇ ਸਾਰਥਿਕ ਪ੍ਰਸ਼ਨਾਂ ਵਲੋਂ ਹਟਾਈ ਰੱਖਣ ਵਾਸਤੇ ਵਰਤੀ ਜਾਂਦੀ ਹੈ।

ਸਮੁੱਚੀ ਜਨ ਸੰਖਿਆ ਦਾ ਪਾਰ ਉਤਾਰਾ ਬੜਾ ਭਾਰੀ, ਦੀਰਘਕਾਲੀਨ ਔਖਾ ਕੰਮ ਹੈ। ਇਸ ਵਾਸਤੇ ਅਵਾਮੀ ਸਿਆਸਤ ਦਾ ਰਾਹ ਅਪਨਾਉਣਾ ਔਖਾ ਰਾਹ ਅਪਨਾਉਣ ਸਮਾਨ ਹੈ। ਡੱਬੇ ਵਿਚ ਦਰੜੀਂਦੀ ਭੀੜ ਵੇਖ ਕੇ ਹੋਰ ਡੱਬੇ ਪ੍ਰਾਪਤ ਕਰਾਉਣ ਦੀ ਸਿਆਣਪ ਉਚੀ ਹੈ ਪਰ ਔਖੀ ਹੈ। ਪਰ ਡੱਬੇ ਵਿਚ ਅਵਾਮ ਦੀ ਸੋਚ ਦਾ ਜੋ ਪੱਧਰ ਹੈ ਸਭ ਨੂੰ ਪਤਾ ਹੀ ਹੈ। ਤਵੱਕੋ ਇਹ ਸੀ ਕਿ ਉਨ੍ਹੀਵੀਂ ਸਦੀ ਤੋਂ ਜਾਗਦੇ ਆਉਂਦੇ ਹਿੰਦੁਸਤਾਨੀ ਲੋਕਾਂ ਨੂੰ ਉਨ੍ਹਾਂ ਦੇ ਆਗੂ ਹੋਛੀਆਂ ਅਤੇ ਫੌਰੀ ਗੱਲਾਂ ਤੋਂ ਬਚਾਉਣਗੇ ਅਤੇ ਦੂਰ ਅਸਰ ਅਤੇ ਉਸਾਰੂ ਸਿਆਣਪਾਂ ਦੇ ਰਾਹ ਪਾਉਣਗੇ। ਪਰ ਹੋਇਆ ਇਸ ਦੇ ਉਲਟ।

ਪਹਿਲਾਂ ਤਾਂ ਹਿੰਦੁਸਤਾਨ ਦੀ ਸਮੁੱਚੀ ਸਿਆਣਪ ਦਾ ਜਨਾਜ਼ਾ 1947 ਵਿਚ ਨਿਕਲਿਆ। ਅੰਗਰੇਜ਼ੀ ਰਾਜ ਦੀ ਫਿਰਕੂ ਵੰਡ ਹੋ ਗਈ। ਭਾਰਤ ਅਤੇ ਪਾਕਿਸਤਾਨ ਦੇ ਵੱਖ ਵੱਖ ਦੇਸ਼ ਬਣ ਗਏ। ਕਹਿਣ ਨੂੰ ਇਕ ਮੁਸਲਮਾਨਾਂ ਵਾਸਤੇ ਅਤੇ ਦੂਜਾ ਹਿੰਦੂ ਸਿੱਖਾਂ ਵਾਸਤੇ ਸੀ। ਦੋਵੇਂ ਹੀ ਆਪਣੇ ਆਪ ਨੂੰ ਧਰਮ ਨਿਰਪੱਖ ਅਤੇ ਉਦਾਰ ਗਰਦਾਨ ਨਾਲ ਆਰੰਭ ਹੋਏ। ਪਾਕਿਸਤਾਨ ਨੇ ਤਾਂ ਧਰਮ ਨਿਰਪੱਖਤਾ ਦਾ ਜਨਾਜ਼ਾ ਫਟਾ ਫੱਟ ਹੀ ਕੱਢ ਦਿਤਾ। ਬਨਣ ਤੋਂ ਪਹਿਲਾਂ ਹੀ ਹਿੰਦੂਆਂ ਅਤੇ ਸਿੱਖਾਂ ਦਾ ਕਤਲਾਮ ਅਰੰਭ ਕਰ ਦਿਤਾ ਅਤੇ ਉਨ੍ਹਾਂ ਨੂੰ ਪਾਕਿਸਤਾਨ ਵਿਚੋਂ ਕੱਢ ਕੇ ਸਾਹ ਲਿਆ। ਭਾਰਤੀ ਲੋਕਤੰਤਰ ਉਸ ਸਮੇਂ ਸ਼ਰਤੀਆ ਪਾਕਿਸਤਾਨ ਨਾਲੋਂ ਉਚਾ ਹੋ ਕੇ ਇਤਿਹਾਸ ਦੇ ਮੰਚ ਉਤੇ ਆਇਆ। ਮੁਸਲਮਾਨਾਂ ਨੂੰ ਕੱਢੇ ਬਗੈਰ ਪਾਕਿਸਤਾਨ ਵਿਚੋਂ ਆਏ ਸ਼ਰਨਾਰਥੀਆਂ ਨੂੰ ਮੁੜ ਵਸਾਇਆ, ਜੋ ਕੁਝ ਪ੍ਰਾਪਤ ਸੀ। - ਜ਼ਮੀਨ, ਦੁਕਾਨ, ਮਕਾਨ - ਅਲਾਟ ਕੀਤੇ। ਜੀਵਨ ਨਵੇਂ ਸਿਰਿਓਂ ਆਰੰਭ ਹੋ ਗਿਆ। ਜ਼ਖਮ ਭਰਨ ਲੱਗੇ ਪਰ ਕੁਝ ਸਿਆਸਤਦਾਨਾਂ ਨੂੰ ਇਹ ਨਾਮਨਜ਼ੂਰ ਲਗਦਾ ਹੈ। ਲੋਕ ਵਸਣ ਕਿਉਂ ਲਗ ਪਏ

1964 ਤੋਂ ਪਾਕਿਸਤਾਨੀ ਪ੍ਰਚਾਰ ਭਾਰਤ ਵਿਚ ਫਿਰਕੂ ਵੰਡਾਂ ਨੂੰ ਪੱਖੀ ਮਾਰ ਮਾਰ ਕੇ ਗਰਮਾਉਂਦਾ ਰਹਿੰਦਾ ਹੈ। ਭਾਰਤ ਵਿਚ ਰਹਿ ਗਏ ਵੀਰਾਂ ਵਾਸਤੇ ਮਗਰਮੱਛ ਦੇ ਹੰਝੂ ਕੇਰਦਾ ਹੈ। ਜਦੋਂ ਬੰਗਾਲੀ ਇਹ ਮੰਗ ਕਰਦੇ ਹਨ ਕਿ ਸ਼ੇਖ ਮੁਜੀਬ ਦੀ ਪਾਰਟੀ ਅਵਾਮ ਵਲੋਂ ਚੁਣੀ ਹੋਈ ਬਹੁਗਿਣਤੀ ਦੀ ਪਾਰਟੀ ਹੈ, ਸ਼ੇਖ ਮੁਜੀਬ ਨੂੰ ਪ੍ਰਧਾਨ ਮੰਤਰੀ ਬਣਾਇਆ ਜਾਵੇ ਤਾਂ ਉਸ ਦਾ ਜਵਾਬ ਟੈਂਕਾ ਅਤੇ ਮਸ਼ੀਨਗੰਨਾਂ ਨਾਲ ਦਿਤਾ ਜਾਂਦਾ ਹੈ। ਮੁਸਲਮਾਨ ਫੌਜਾਂ ਮੁਸਲਮਾਨ ਬੰਗਾਲੀਆਂ ਦਾ ਕਤਲਾਮ ਕਰਦੀਆਂ ਹਨ। ਬੰਗਲਾ ਦੇਸ਼ ਵੱਖ ਹੋ ਜਾਣ ਤੋਂ ਮਗਰੋਂ ਤਿੰਨ ਲੱਖ ਮੁਸਲਮਾਨਾਂ ਨੂੰ ਨਾ ਬੰਗਲਾ ਦੇਸ਼ ਲੈਂਦਾ ਹੈ ਨਾ ਪਾਕਿਸਤਾਨ ਸਵੀਕਾਰ ਕਰਦਾ ਹੈ। ਉਹ ਏਧਰੋਂ ਓਧਰ ਜਾਂਦੇ ਆਉਂਦੇ ਭਾਰਤੀ ਜੇਲ੍ਹਾਂ ਵਿਚ ਪਹੁੰਚ ਜਾਂਦੇ ਹਨ ਅਤੇ ਨਰਕ ਭੋਗਦੇ ਰਹਿੰਦੇ ਹਨ। ਨਾ ਕੋਈ ਵਾਲੀ ਨਾ ਵਾਰਿਸ। ਨਾ ਦੇਸ਼ ਨਾ ਪ੍ਰਦੇਸ਼। ਕਿਸੇ ਦੀ ਧਾਰਮਿਕ ਹਰਾਰਤ ਉਨ੍ਹਾਂ ਦੀ ਸਹਾਇਤਾ ਨਹੀਂ ਕਰਦੀ। ਉਨ੍ਹਾਂ ਨੂੰ ਵਿਚੇ ਛੱਡ ਕੇ ਪ੍ਰਧਾਨ ਹੁਣੀ ਸਿੱਖਾਂ ਦੇ ਮੁਦਾਹ ਬਣ ਤੁਰਦੇ ਹਨ। ਸਿੱਖਾਂ ਦੇ ਦੁੱਖ ਹਰਨ ਦਾ ਬੀੜਾ ਚੁੱਕਿਆ ਜਾਂਦਾ ਹੈ। ਪਰ ਕੋਈ ਉਨ੍ਹਾਂ ਮਿੱਤਰਾਂ ਤੋਂ ਪੁੱਛੇ ਕਿ ਅਵਾਮ ਦੀ ਯਾਦਦਾਸ਼ਤ ਦਾ ਅਜਿਹਾ ਮਜ਼ਾਕ ਕਿਉਂ?

ਠੀਕ ਹੈ ਲੋਕਾਂ ਦੀ ਯਾਦਦਾਸ਼ਤ ਥੋੜ ਚਿਰੀ ਹੁੰਦੀ ਹੈ। ਬਹੁਤ ਸਾਰੇ ਲੋਕਾਂ ਨੂੰ ਬਾਬਰ, ਜਹਾਂਗੀਰ, ਔਰੰਗਜ਼ੇਬ ਦੇ ਹੱਥੋਂ ਗੁਰੂਆਂ 'ਤੇ ਕੀਤਾ ਤਸ਼ੱਦਦ ਭੁੱਲ ਗਿਆ ਹੋਵੇਗਾ। ਬਹਾਦਰ ਸ਼ਾਹ, ਫਰੁਖਸੀਅਰ, ਅਬਦੁਲਸਮਦ ਖਾਨ, ਜ਼ਕਰੀਆ ਖਾਨ, ਯਾਹੀਆ ਖਾਨ, ਮੀਰ ਮੰਨੂੰ ਅਤੇ ਅਦੀਨਾ ਬੇਗ ਦੇ ਸਿੱਖਾਂ ਦੇ ਕੀਤੇ ਕਤਲਾਮ ਵੀ ਭੁੱਲ ਗਏ ਹੋਣਗੇ। ਨਾਦਰ ਸ਼ਾਹ, ਅਹਿਮਦ ਸ਼ਾਹ, ਤੈਮੂਰ ਸ਼ਾਹ ਅਤੇ ਸ਼ਾਹ ਸੁਜਾਹ ਦੇ ਧਾੜਵੀਆਂ ਹੱਥੋਂ ਕੀਤੀਆਂ ਗਈਆਂ ਪੰਜਾਬ ਦੀਆਂ ਤਬਾਹੀਆਂ ਅਤੇ ਲੁੱਟਾਂ ਭੁੱਲ ਗਈਆਂ ਹੋਣਗੀਆਂ। ਤਾਂ ਹੀ ਤੇ ਇਸ ਕਿਸਮ ਦੇ ਪ੍ਰਚਾਰ ਨੂੰ ਸੁਨਣ ਵਾਲੇ ਕੰਨ ਪ੍ਰਾਪਤ ਹੁੰਦੇ ਹਨ। ਪਰ ਸਿੱਖਾਂ ਦੀ ਯਾਦਦਾਸ਼ਤ ਦਾ ਉਡਾਇਆ ਜਾ ਰਿਹਾ ਮਜ਼ਾਕ ਤਾਂ ਕੁੱਲ ਹੱਦਾਂ ਨੂੰ ਲੰਘ ਰਿਹਾ ਹੈ। ਹਾਲੀ ਤਾਂ 1947 ਵਿਚ ਭੁੱਜ ਕੇ ਮਰੂੰਡਾ ਹੋਈ ਪੀੜ੍ਹੀ ਜ਼ਿੰਦਾ ਹੈ। ਲੋਕਾਂ ਨੂੰ ਘਰਾਂ ਅਤੇ ਮੁਰੱਬਿਆਂ ਦੇ ਨੰਬਰ ਯਾਦ ਹਨ। ਲੱਖਾਂ ਲੋਕ ਅਜਿਹੇ ਹਨ ਜਿਨ੍ਹਾਂ ਦੀਆਂ ਬੰਨ੍ਹ ਦਿਓ ਤਾਂ ਉਹ ਜਾ ਕੇ ਆਪਣੇ ਪਿਛਲੇ ਪਿੰਡ ਭਾਲ ਲੈਣਗੇ। ਜੇ ਪਾਕਿਸਤਾਨੀ ਵੀਰਾਂ ਨੂੰ ਸਿੱਖਾਂ ਦਾ ਐਨਾ ਹੀ ਦਰਦ ਸੀ ਤਾਂ ਉਨ੍ਹਾਂ ਨੂੰ ਪੱਛਮੀ ਪੰਜਾਬ ਵਿਚੋਂ ਕਿਉਂ ਉਜਾੜਿਆ? ਜੇ ਹੁਣ ਵੀ ਹੈ ਤਾਂ ਲਓ 1947 ਤੋਂ ਪਹਿਲਾਂ ਦੀ ਹਾਲਤ ਵਾਪਸ ਕਰ ਲਓ। ਲੋਕਾਂ ਨੂੰ ਆਪਣੀਆਂ ਥਾਵਾਂ ਤੇ ਵਸਾ ਦਿਓ। ਪੱਛਮੀ ਪੰਜਾਬ ਦੀਆਂ ਬਾਰਾਂ ਸਿੱਖ ਕਿਸਾਨਾਂ ਨੂੰ ਮੋੜ ਦਿਓ। ਫੇਰ ਅੱਗੇ ਗੱਲ ਕਰੋ ਕਿ ਇਨਸਾਫ ਕਿਵੇਂ ਹੁੰਦਾ ਹੈ।

ਫਿਰਕਾਪ੍ਰਸਤੀ ਤਾਂ ਇਸ ਉਪਦੀਪ ਨੂੰ ਪਹਿਲਾਂ ਹੀ ਲੈ ਡੁੱਬੀ ਹੈ। ਭਲਾ ਪਾਕਿਸਤਾਨ ਅਤੇ ਭਾਰਤ ਨੇ ਵੱਖ ਵੱਖ ਦੇਸ਼ ਬਣ ਕੇ ਕੀ ਐਸੀਆਂ ਪ੍ਰਾਪਤੀਆਂ ਕਰ ਲਈਆਂ ਹਨ ਜੋ ਇਕੱਠੇ ਰਹਿ ਕੇ ਨਹੀਂ ਹੋ ਸਕਦੀਆਂ ਸਨ। ਵੰਡ ਨੇ ਲੱਖਾਂ ਲੋਕ ਭਸਮ ਕੀਤੇ ਅਤੇ ਕਰੋੜਾਂ ਉਜਾੜੇ। ਉਪਦੀਪ ਵਿਚ ਫੌਜੀ ਖਰਚਾ ਆਮ ਨਾਲੋਂ ਦਸ ਗੁਣਾਂ ਕਰ ਲਿਆ। ਲੋਕਾਂ ਦੇ ਮੁੜ੍ਹਕੇ ਦੀ ਕਮਾਈ ਨੂੰ ਬੰਦੂਕਧਾਰੀਆਂ ਦੀ ਨਜ਼ਰ ਕਰ ਦਿੱਤੇ। ਪਿਛਲੇ ਚਾਲੀ ਸਾਲਾਂ ਵਿਚ ਜਿਨ੍ਹਾਂ ਫੌਜੀ ਖਰਚਾ ਦੱਖਣੀ ਏਸ਼ੀਆ ਵਿਚ ਹੋ ਰਿਹਾ ਹੈ ਇਹਦਾ ਕਾਰਨ 1947 ਦੀ ਵੰਡ ਹੈ। ਲੀਡਰ ਲੋਕ ਕਿਉਂ ਐਡੀ ਅਣਦੇਖੀ ਕਰ ਰਹੇ ਹਨ ਕਿ ਮਾਵਾਂ ਦੇ ਪੁੱਤਾਂ ਨੂੰ ਫਜ਼ੂਲ ਜੰਗਾਂ ਦੀ ਭੱਠੀ ਵਿਚ ਪਾਈ ਜਾਂਦੇ ਹਨ। ਹਾਲੀ ਵੀ ਹੋਸ਼ ਕਰੋ ਅਤੇ ਫਿਰਕਾਪ੍ਰਸਤੀ ਨੂੰ ਪਛਾੜੋ। ਸਰਬੱਤ ਦਾ ਭਲਾ ਕਰੋ।

# ਮੁਰਦਾ ਬੋਲੂ ਕੱਫਣ ਪਾੜੂ

ਬਰਨਾਲਾ ਸਾਹਿਬ ਦਾ ਸਾਥ ਛੱਡ ਕੇ ਹੁਣੇ ਹੁਣੇ ਵੱਖਰੇ ਹੋਏ ਗਰੁਪ ਦੀ ਸੰਖਿਆ 27 ਦੱਸੀ ਜਾਂਦੀ ਹੈ। ਬਰਨਾਲਾ ਕੈਂਪ ਦਾ ਖਿਆਲ ਹੈ ਕਿ ਇਨ੍ਹਾਂ ਵਿਚ ਦਸ ਨਾਮ ਧੋਖੇ ਨਾਲ ਲਿਖੇ ਹੋਏ ਹਨ ਤੇ ਇਹ 17-18 ਤੋਂ ਵੱਧ ਨਹੀਂ ਹੋ ਸਕਦੇ। 27 ਵਿਚੋਂ ਛੇ ਉਹ ਹਨ ਜੋ ਮੁੱਖ ਮੰਤਰੀ ਪਦ 'ਤੇ ਨਜ਼ਰਾਂ ਰਖਦੇ ਹਨ।

ਬਣਨ ਵਾਲੇ "ਮੁਖ ਮੰਤਰੀਆਂ" ਵਿਚੋਂ ਇਕ ਨੇ ਬਰਨਾਲਾ ਕੈਂਪ ਵਿਚ ਰਹਿ ਗਏ ਆਪਣੇ ਦੋਸਤ ਨੂੰ ਟੈਲੀਫੋਨ 'ਤੇ ਕਿਹਾ, "ਸਾਡੀ ਕਾਂਗਰਸ ਨਾਲ ਗੱਲ ਚਲ ਰਹੀ ਹੈ। 31 ਉਹ ਹਨ ਤੇ 27 ਅਸੀਂ ਹਾਂ। ਜੇ ਪੰਜ ਸੱਤ ਸੱਜਣ ਲੈ ਆਓ ਤਾਂ ਅਸੀਂ 62-63 ਹੋ ਜਾਵਾਂਗੇ। ਵਜ਼ਾਰਤ ਬਨਾਉਣ ਦਾ ਸੱਦਾ ਪੱਤਰ ਮਿਲ ਜਾਵੇਗਾ ਤੁਹਾਨੂੰ ਤੇ ਤੁਹਾਡੇ ਦੋਸਤਾਂ ਨੂੰ ਪਹਿਲੀ ਫਰਿਸਤ ਵਿਚ ਮੰਤਰੀ ਬਣਵਾ ਦਿਆਂਗੇ

ਅਗਲੇ ਪਾਸਿਓਂ ਉਤਰ ਮਿਲਿਆ "ਏਧਰ ਵੀ ਕਾਂਗਰਸ ਦੀ ਮਿਲਵਰਤਣ ਦੇ ਚਰਚੇ ਹਨ। ਅਸੀਂ 45-46 ਹਾਂ। ਨੌਂ ਦਸ ਸਾਡੇ ਨਾਲ ਹੀ ਆ ਜਾਓ। ਕਾਂਗਰਸੀ ਮਿਲਵਰਤਣ ਦੀ ਲੋੜ ਹੀ ਨਾ ਰਹੇ।"

'ਹੁਣ ਢਿੱਲ ਨਾ ਕਰੋ। ਸਾਡੇ ਬੰਦਿਆਂ ਦਾ ਕਾਂਗਰਸ ਨਾਲ ਅੰਦਰਖਾਤੇ ਸਮਝੌਤਾ ਹੋ ਚੁੱਕਾ ਹੈ। ਅਗੋਂ ਲਈ ਪੁਲੀਸ ਦਰਬਾਰ ਸਾਹਿਬ ਵਿਚ ਭੇਜਣ ਦਾ ਮੌਕਾ ਹੀ ਪੈਦਾ ਨਹੀਂ ਕਰਾਂਗੇ। ਸਾਡੇ ਵੱਲ ਹੀ ਆ ਜਾਓ।"

"ਗੱਲ ਤਾਂ ਵਧੀਆ ਹੈ ਪਰ ਇਹ ਵੀ ਦੇਖਣਾ ਪਵੇਗਾ ਕਿ ਕਿਧਰੇ ਦੋ ਚਾਰ ਮਹੀਨਿਆਂ ਪਿਛੋਂ ਲਛਮਣ ਸਿੰਘ ਗਿੱਲ ਦੀ ਕਹਾਣੀ ਵਾਂਗ ਕਾਂਗਰਸੀ ਹੇਠੋਂ ਫੱਟਾ ਹੀ ਨਾ ਖਿਚ ਦੇਣ ਤੇ ਰਾਸ਼ਟਰਪਤੀ ਰਾਜ ਲਾਗੂ ਕਰ ਕੇ ਨਵੀਆਂ ਚੋਣਾਂ ਦਾ ਬਿਗਲ ਵਜਾ ਦੇਣ ਤੇ ਫੇਰ ਕੋਈ ਦਰਬਾਰਾ ਸਿੰਘ ਗੱਦੀ 'ਤੇ ਆ ਬੈਠੇ।"

"ਹੁਣ ਜਦੋਂ ਤਬਾਹੀ ਵੱਲ ਤੁਰ ਹੀ ਪਏ ਤਾਂ ਚੰਗਾ ਮਾੜਾ ਕਾਹਦੇ ਲਈ ਵੇਖਣਾ ਹੈ। ਸਾਨੂੰ ਤਾਂ ਬਲਵੰਤ ਸਿੰਘ ਤੇ ਬਰਨਾਲੇ ਨਾਲੋਂ ਕਾਂਗਰਸੀ ਚੰਗੇ ਹਨ। ਦੋਸਤ ਉਹ ਜਿਹੜਾ ਵੇਲੇ ਸਿਰ ਕੰਮ ਆਵੇ। ਅਸੀਂ ਨੌਂ ਮਹੀਨੇ ਨੱਕ ਰਗੜਦੇ ਰਹੇ ਬਰਨਾਲੇ ਨੇ ਸਾਨੂੰ ਮੰਤਰੀ ਨਹੀਂ ਬਣਾਇਆ, ਕਾਂਗਰਸ ਦੀ ਸਹਾਇਤਾ ਨਾਲ ਅਸੀਂ ਮੰਤਰੀ ਪਹਿਲਾਂ ਹੋਰ ਕੰਮ ਪਿਛੋਂ ..."

ਫਿੱਟੇ ਮੂੰਹ ਟੈਲੀਫੋਨ ਮਹਿਕਮੇ ਦਾ। ਗੱਲਬਾਤ ਹਾਲੀਂ ਚੱਲ ਹੀ ਰਹੀ ਸੀ ਦੋਵੇਂ ਪਾਸਿਆਂ ਦੇ ਫੋਨ ਡੈਡ ਹੋ ਗਏ।

—ਚਾਚਾ ਚੰਡੀਗੜ੍ਹੀਆ


Radio Program

Sabrung

شہر میں اپنی نوعیت کا واحد

FOR THE SOUTH ASIAN COMMUNITY

RADIO PROGRAM

Music from Bangladesh, Fiji, India, Pakistan & West together with weekend report, interviews, and much more. . .

Producer and host: Irfan Ali.

(415) 928-1650

SUNDAYS 10-12 NOON

KUSF 90.3 FM

Broadcast from San Francisco, California



ਜਗਦੀਸ਼ ਸਿੰਘ ਨੋਟਰੀ ਪਬਲਿਕ

(ਬੀ. ਏ. ਐਲ. ਐਲ. ਬੀ. (ਪੰਜਾਬ ਯੂਨੀਵਰਸਿਟੀ) ਅਤੇ

ਇਮੀਗਰੇਸ਼ਨ ਸਲਾਹਕਾਰ

ਜਿਨ੍ਹਾਂ ਦੇ ਦਫਤਰ ਵਿਚ ਨੋਟਰੀ ਪਬਲਿਕ ਦੇ ਆਮ ਕੰਮ ਕੀਤੇ ਜਾਂਦੇ ਹਨ ਜਿਵੇਂ ਕਿ :—

- ਘਰ ਜਾਂ ਜ਼ਮੀਨ ਖ੍ਰੀਦਣ, ਵੇਚਣ ਲਈ ਜਾਂ ਮੌਰਗੇਜ਼ ਲੈਣ, ਦੇਣ ਜਾਂ ਕੈਂਸਲ ਕਰਨੀ ਆਦਿ ਦੇ ਕਾਗਜ਼ਾਤ ਤਿਆਰ ਕਰਨੇ ਅਤੇ ਰਜਿਸਟਰੀ ਕਰਵਾਉਣੀ
- ਵਸੀਅਤ, ਮੁਖਤਿਆਰਨਾਮੇ, ਐਫੀਡੇਵਿਟ, ਡੈਕਲਾਰੇਸ਼ਨ, ਐਗਰੀਮੈਂਟ, ਬਾਹਰੋਂ ਆਏ ਰਿਸ਼ਤੇਦਾਰਾਂ ਲਈ "ਰਾਹਦਾਰੀ"
- ਪਾਸਪੋਰਟ ਨਾਂ ਦੀ ਤਬਦੀਲੀ



ਜਗਦੀਸ਼ ਸਿੰਘ B.A.LL.B. (Pb.U.)
(ਸਾਬਕਾ ਐਡਵੋਕੇਟ ਪੰਜਾਬ ਹਾਈਕੋਰਟ)

ਅਤੇ ਇਮੀਗਰੇਸ਼ਨ

ਦੇ ਆਮ ਮਸਲੇ ਤੇ ਇਮੀਗਰੇਸ਼ਨ ਅਪੀਲ ਬੋਰਡ ਦੇ ਕੇਸ ਲੜਨ ਲਈ ਜਾਣਕਾਰੀ ਤੇ ਯੋਗ ਸਹਾਇਤਾ

#201 - 2001 East 36th Ave. [at victoria]
Vancouver. B.C. V5P 1C9

Off. 324-6727
Res. 324-4160

## ਅੰਮ੍ਰਿਤਾ ਪ੍ਰੀਤਮ ਰਾਜ ਸਭਾ ਵਿਚ



ਨਵੀਂ ਦਿੱਲੀ — ਪੰਜਾਬੀ ਦੀ ਮਸ਼ਹੂਰ ਲੇਖਿਕਾ ਅੰਮ੍ਰਿਤਾ ਪ੍ਰੀਤਮ ਉਨ੍ਹਾਂ ਪੰਜ ਸ਼ਖਸੀਅਤਾਂ ਵਿਚ ਸ਼ਾਮਲ ਹੈ, ਜਿਨ੍ਹਾਂ ਨੂੰ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੇ ਰਾਜ ਸਭਾ ਲਈ ਨਾਮਜ਼ਦ ਕੀਤਾ ਹੈ। ਬਾਕੀ ਚਾਰਾਂ ਵਿਚ ਮਸ਼ਹੂਰ ਸਿਤਾਰਵਾਦਕ ਪੰਡਤ ਰਵੀ ਸ਼ੰਕਰ, ਨਾਵਲਕਾਰ ਆਰ. ਕੇ. ਨਾਰਾਇਣ, ਪੇਂਟਰ ਐਮ. ਐਫ. ਹੁਸੈਨ ਅਤੇ ਸਮਾਜ ਸੇਵਾ ਲਈ ਮੈਗਾਸਾਸੇ ਅਵਾਰਡ ਹਾਸਲ ਕਰਨ ਵਾਲੀ ਸ੍ਰੀਮਤੀ ਏਲ, ਰਮੇਸ਼ ਭੱਟ ਸ਼ਾਮਲ ਹਨ।

## ਅਕਾਲੀ ਧੜਿਆਂ ਵਿਚ ਸੁਲ੍ਹਾ ਸਫ਼ਾਈ

ਚੰਡੀਗੜ੍ਹ — ਵਿਸ਼ੇਸ਼ ਸੂਚਨਾ ਰਾਹੀਂ ਪੱਤਾ ਲੱਗਾ ਹੈ ਕਿ ਅਕਾਲੀਆਂ ਦੇ ਦੋਵਾਂ ਧੜਿਆਂ ਵਿਚਕਾਰ ਸਮਝੌਤੇ ਲਈ ਯਤਨ ਸਫਲ ਹੋ ਗਏ ਹਨ। ਇਸੇ ਦੌਰਾਨ ਸੁਰਜੀਤ ਸਿੰਘ ਬਰਨਾਲਾ ਪਹਿਲੇ ਦਿਨ ਆਨੰਦਪੁਰ ਸਾਹਿਬ ਜੋੜਿਆਂ ਦੀ ਸੇਵਾ ਕਰਨ ਪਿਛੋਂ ਚੰਡੀਗੜ੍ਹ ਦੇ ਗੁਰਦੁਆਰੇ ਹੀ ਆਪਣੀ 'ਸਜ਼ਾ' ਪੂਰੀ ਕਰ ਰਹੇ ਹਨ। ਸਿੰਘ ਸਾਹਿਬਾਨ ਦੀ ਅਥਾਰਿਟੀ ਨੂੰ ਦੁਬਾਰਾ ਸਥਾਪਤ ਹੋਇਆ ਸਮਝਿਆ ਜਾ ਰਿਹਾ ਹੈ। ਪਤਾ ਲੱਗਾ ਹੈ ਕਿ ਗੁਰਚਰਨ ਸਿੰਘ ਟੌਹੜਾ ਪ੍ਰਕਾਸ਼ ਸਿੰਘ ਬਾਦਲ ਨੂੰ ਬਰਨਾਲਾ ਦੇ ਨੇੜੇ ਲਿਆਉਣ ਵਿਚ ਸਫਲ ਹੋ ਗਏ ਹਨ।

## ਦੋ ਬੰਦਿਆਂ ਦੀ ਹੱਤਿਆ

ਅੰਮ੍ਰਿਤਸਰ — ਤਿੰਨ ਸਕੂਟਰ ਸਵਾਰਾਂ ਵਲੋਂ ਇਥੋਂ 40 ਕਿਲੋਮੀਟਰ ਦੂਰ ਨੌਸ਼ਹਿਰਾ ਪੰਨੂਆਂ ਵਿਚ ਦੋ ਵਿਅਕਤੀਆਂ ਦੀ ਗੋਲੀ ਨਾਲ ਹੱਤਿਆ ਕਰ ਦਿਤੀ ਗਈ ਜਦ ਕਿ ਤਿੰਨ ਹੋਰ ਘਾਇਲ ਹੋ ਗਏ। ਮ੍ਰਿਤਕਾਂ ਵਿਚੋਂ ਇਕ ਦਾ ਨਾਂ ਕੰਵਲਜੀਤ ਸਿੰਘ ਦੱਸਿਆ ਗਿਆ ਹੈ ਜਦ ਕਿ ਦੂਜੇ ਖੇਤ ਮਜ਼ਦੂਰ ਦੀ ਸ਼ਨਾਖਤ ਨਹੀਂ ਹੋ ਸਕੀ। ਫੱਟੜ ਹੋਣ ਵਾਲਿਆਂ ਵਿਚ ਕੱਪੜਾ ਵਪਾਰੀ ਸ੍ਰੀ ਰਾਮ ਦਾਸ ਅਤੇ ਸੁਭਾਸ਼ ਸ਼ਾਮਲ ਹਨ ਅਤੇ ਤੀਜੇ ਦੀ ਸ਼ਨਾਖਤ ਨਹੀਂ ਹੋ ਸਕੀ।

## 'ਖਾਲਿਸਤਾਨੀ ਫੌਜ ਦੀ ਭਰਤੀ'

ਫਤਹਿਗੜ੍ਹ ਚੂੜੀਆਂ — ਇਥੇ ਭਾਈ ਪਿਆਰਾ ਸਿੰਘ ਨਾਮੀਂ ਇਕ ਵਿਅਕਤੀ ਜੋ ਕਿ ਆਪਣੇ ਆਪ ਨੂੰ "ਖਾਲਿਸਤਾਨ ਖਾਲਸਾ ਫੌਜ" ਦਾ ਕਮਾਂਡਰ ਦੱਸਦਾ ਸੀ, ਦਾ ਟੈਲੀਫੋਨ ਪੱਤਰਕਾਰ ਨੂੰ ਮਿਲਿਆ। ਭਾਈ ਪਿਆਰਾ ਸਿੰਘ ਅਨੁਸਾਰ ਖਾਲਿਸਤਾਨ ਦੇ ਐਲਾਨ ਬਾਅਦ ਇਹ ਨਵੀਂ ਬਣੀ ਖਾੜਕੂ ਜਥੇਬੰਦੀ ਜੋ ਖਾਲਿਸਤਾਨੀ ਕਮਾਂਡੋਜ਼ ਦੇ ਜਨਰਲ ਹਰੀ ਸਿੰਘ ਨੂੰ ਸੁਪਰੀਮ ਮੰਨਦਿਆਂ ਖਾਲਿਸਤਾਨ ਮੁਕਤੀ ਫੌਜ ਜਿਸ ਦੇ ਕਮਾਂਡਰ ਭਾਈ ਤਰਸੇਮ ਸਿੰਘ ਹਨ, ਨੂੰ ਹਰ ਤਰ੍ਹਾਂ ਸਹਿਯੋਗ ਦੇਵੇਗੀ। ਭਾਈ ਪਿਆਰਾ ਸਿੰਘ ਨੇ ਇੰਕਸ਼ਾਫ ਕੀਤਾ ਕਿ ਇਸ ਨਵੀਂ ਜਥੇਬੰਦੀ ਵਿਚ ਪੰਜਾਹ ਤੋਂ ਉਪਰ ਨਵੀਨ ਹਥਿਆਰਾਂ ਨਾਲ ਲੈਸ ਜੁਝਾਰੂ ਸਿੰਘ ਹਨ ਅਤੇ ਹੋਰ ਭਰਤੀ ਜਾਰੀ ਹੈ। ਇਸ ਜਥੇਬੰਦੀ ਵਲੋਂ ਸਪੱਸ਼ਟ ਕੀਤਾ ਗਿਆ ਹੈ ਕਿ ਉਨ੍ਹਾਂ ਦਾ ਉਦੇਸ਼ ਗਦਾਰਾਂ ਨੂੰ ਸੋਧਣਾਂ, ਸਿੱਖ ਪੰਥ ਦੀਆਂ ਧਾਰਮਿਕ ਰਵਾਇਤਾਂ ਨੂੰ ਕਾਇਮ ਰੱਖਣਾ ਅਤੇ ਜਿਸ ਫਿਰਕੇ ਨੂੰ ਬਰਨਾਲਾ ਸਰਕਾਰ ਨੇ ਸ੍ਰੀ ਹਰਿਮੰਦਰ ਸਾਹਿਬ ਅੰਦਰ ਪੁਲੀਸ ਭੇਜ ਕੇ ਖੁਸ਼ ਕਰਨ ਦਾ ਯਤਨ ਕੀਤਾ ਹੈ, ਨਾਲ ਸਿੱਧੀ ਟੱਕਰ ਲੈਣਾ ਹੈ? ਭਾਈ ਪਿਆਰਾ ਸਿੰਘ ਨੇ ਸਿੱਖ ਸੰਗਤਾਂ ਦੇ ਨਾਂ ਇਕ ਅਪੀਲ ਜਾਰੀ ਕੀਤੀ ਕਿ ਇਸ ਜਥੇਬੰਦੀ ਨੂੰ ਭਰਵਾਂ ਸਹਿਯੋਗ ਦਿਤਾ ਜਾਵੇ ਤਾਂ ਕਿ ਖਾਲਿਸਤਾਨ ਦੇ ਨਿਸ਼ਾਨੇ 'ਤੇ ਜਲਦੀ ਪਹੁੰਚਿਆ ਜਾਵੇ।

## ਬਰਨਾਲਾ ਸਰਕਾਰ ਲਈ ਹੋਰ ਸੰਕਟ

—ਬਰਜਿੰਦਰ ਸਿੰਘ—

ਸ੍ਰੀ ਦਰਬਾਰ ਸਾਹਿਬ ਵਿਚ ਪੁਲਸ ਦਾਖਲੇ ਸਬੰਧੀ ਕਾਫੀ ਚਰਚਾ ਛਿੜੀ ਹੈ। ਬਹੁਤ ਸਾਰੀਆਂ ਰਾਜਸੀ ਪਾਰਟੀਆਂ ਅਤੇ ਨੇਤਾਵਾਂ ਨੇ ਇਸ ਕਾਰਵਾਈ ਨੂੰ ਸਹੀ ਠਹਿਰਾਂਦੇ ਹੋਏ ਇਸ ਦਾ ਪ੍ਰਸ਼ੰਸਾ ਕੀਤਾ ਹੈ। ਸ: ਬਰਨਾਲਾ ਨੇ ਵੀ ਕਿਹਾ ਹੈ ਕਿ ਇਹ ਫੈਸਲਾ ਬੜਾ ਦੁਖਦਾਈ ਅਤੇ ਕਠਿਨ ਸੀ ਪਰ ਐਕਸ਼ਨ ਉਸ ਸਮੇਂ ਲਿਆ ਗਿਆ ਜਦੋਂ ਉਨ੍ਹਾਂ ਕੋਲ ਹੋਰ ਕੋਈ ਚਾਰਾ ਨਹੀਂ ਸੀ ਬਚਿਆ। ਉਨ੍ਹਾਂ ਇਹ ਵੀ ਕਿਹਾ ਕਿ ਇਹ ਫੈਸਲਾ ਉਨ੍ਹਾਂ ਦਾ ਆਪਣਾ ਹੈ। ਇਹ ਕਿਸੇ ਵੀ ਦਬਾਅ ਹੇਠ ਆ ਕੇ ਨਹੀਂ ਕੀਤਾ ਗਿਆ। ਚੰਡੀਗੜ੍ਹ ਵਿਚ ਅਕਾਲੀ ਵਿਧਾਇਕਾਂ ਅਤੇ ਵਰਕਿੰਗ ਕਮੇਟੀ ਦੇ ਮੈਂਬਰਾਂ ਦੀ ਜੋ ਮੀਟਿੰਗ ਹੋਈ ਉਸ ਵਿਚ ਵੀ ਕਾਰਵਾਈ ਦਾ ਪੂਰਾ ਸਮਰਥਨ ਕੀਤਾ ਗਿਆ। ਇਸ ਮੀਟਿੰਗ ਵਿਚ ਖਾਲਿਸਤਾਨ ਸਬੰਧੀ ਐਲਾਨ ਦੀ ਲਿਖੇਧੀ ਕੀਤੀ ਗਈ ਅਤੇ ਇਸ ਨੂੰ ਸਿੱਖ ਪੰਥ ਅਤੇ ਦੇਸ਼ ਲਈ ਘਾਤਕ ਦਸਿਆ ਗਿਆ। ਇਸ ਨੂੰ 16 ਫਰਵਰੀ ਨੂੰ ਅਨੰਦਪੁਰ ਸਾਹਿਬ ਵਿਚ ਸੱਦੇ ਗਏ ਸਰਬੱਤ ਖਾਲਸਾ ਸੰਮੇਲਨ ਵਿਚ ਕੀਤੇ ਗਏ ਫੈਸਲਿਆਂ ਅਨੁਸਾਰ ਚੁਕਿਆ ਗਿਆ ਕਦਮ ਕਿਹਾ ਗਿਆ ਜਿਸ ਵਿਚ ਕਿਹਾ ਗਿਆ ਸੀ ਕਿ ਸ੍ਰੀ ਦਰਬਾਰ ਸਾਹਿਬ 'ਚ ਅਯੋਗ ਕਬਜ਼ਾ ਖਤਮ ਕਰਵਾਉਣਾ ਚਾਹੀਦਾ ਹੈ। ਇਸ ਸਾਰੇ ਸਮੇਂ ਵਿਚ ਸਰਕਾਰ ਸਾਹਮਣੇ ਇਹ ਮਸਲਾ ਖੜ੍ਹਾ ਨਜ਼ਰ ਆਉਂਦਾ ਸੀ ਕਿ ਇਸ ਪਵਿੱਤਰ ਸਥਾਨ ਨੂੰ ਖਾਲੀ ਕਿਵੇਂ ਕਰਵਾਇਆ ਜਾਵੇ? ਜਥੇਦਾਰ ਟੌਹੜਾ ਨੇ ਅਨੰਦਪੁਰ ਵਿਚ ਹੋਏ ਸਰਬੱਤ ਖਾਲਸਾ ਸੰਮੇਲਨ ਵਿਚ ਜਿਥੇ ਸ਼ਰੋਮਣੀ ਕਮੇਟੀ ਦੀ ਪ੍ਰਧਾਨਗੀ ਤੋਂ ਅਸਤੀਫਾ ਪੇਸ਼ ਕਰ ਦਿਤਾ ਸੀ, ਉਥੇ ਇਹ ਵੀ ਐਲਾਨ ਕੀਤਾ ਸੀ ਕਿ ਜੇਕਰ ਸ੍ਰੀ ਦਰਬਾਰ ਸਾਹਿਬ ਦੇ ਆਜ਼ਾਦ ਕਰਵਾਉਣ ਲਈ ਸ਼ਹੀਦੀ ਜਥੇ ਭੇਜੇ ਜਾਣਗੇ ਤਾਂ ਉਹ ਸਭ ਤੋਂ ਪਹਿਲੇ ਜਥੇ ਦੇ ਮੋਹਰੀ ਹੋਣਗੇ। ਦੂਸਰੇ ਬੰਨੇ ਇਸੇ ਹੀ ਸੰਮੇਲਨ ਵਿਚ ਸਾਬਕਾ ਮੁਖ ਮੰਤਰੀ ਸ: ਪ੍ਰਕਾਸ਼ ਸਿੰਘ ਬਾਦਲ ਨੇ ਇਹ ਐਲਾਨ ਵੀ ਕੀਤਾ ਸੀ ਕਿ ਜਿਸ ਦਿਨ ਪੁਲਸ ਦਰਬਾਰ ਸਾਹਿਬ ਵਿਚ ਦਾਖਲ ਹੋਈ ਉਸੇ ਹੀ ਦਿਨ ਅਕਾਲੀ ਦਲ ਖਤਮ ਹੋ ਜਾਏਗਾ। ਉਸੇ ਹੀ ਸੰਮੇਲਨ ਵਿਚ ਸ: ਬਰਨਾਲਾ ਨੇ ਕਿਹਾ ਸੀ ਕਿ ਪੁਲਸ ਦਾ ਦਰਬਾਰ ਸਾਹਿਬ ਵਿਚ ਦਾਖਲ ਹੋਣਾ ਉਥੇ ਕਾਬਜ਼ ਅਨਸਰਾਂ ਦੀਆਂ ਕਾਰਵਾਈਆਂ ਤੇ ਨਿਰਭਰ ਕਰੇਗਾ। ਉਸ ਤੋਂ ਬਾਅਦ ਬਹੁਤ ਕੁਝ ਬੀਤ ਗਿਆ। ਪੰਜਾਬ ਵਿਚ ਹਿੰਸਕ ਘਟਨਾਵਾਂ ਵਧੀਆਂ। ਦਰਬਾਰ ਸਾਹਿਬ ਵਿਚ ਵੀ ਬਹੁਤ ਕੁਟ ਹੁੰਦਾ ਰਿਹਾ। ਫੈਡਰੇਸ਼ਨ ਵਿਚ ਵੀ ਆਪਸੀ ਫੁਟ ਸਾਹਮਣੇ ਆਈ। ਕੰਪਲੈਕਸ ਵਿਚ ਇਨ੍ਹਾਂ ਧੜਿਆਂ ਵਿਚ ਕਈ ਵਾਰ ਤਣਾਅ ਵੀ ਪੈਦਾ ਹੋਇਆ। ਇਸ ਸਾਰੇ ਸਮੇਂ ਵਿਚ ਸ਼ਰੋਮਣੀ ਕਮੇਟੀ ਨਾਮ ਦੀ ਕਮੇਟੀ ਹੀ ਰਹਿ ਗਈ। ਸ਼ਰੋਮਣੀ ਅਕਾਲੀ ਦਲ ਵੀ ਕੰਪਲੈਕਸ ਵਿਚ ਆਪਣੇ ਦਫਤਰ ਨੂੰ ਠੀਕ ਢੰਗ ਨਾਲ ਚਲਾਉਣ ਦੇ ਸਮਰਥ ਨਾ ਹੋ ਸਕਿਆ। ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ, ਗਿਆਨੀ ਸਾਹਿਬ ਸਿੰਘ ਅਤੇ ਹੋਰ ਸਿੰਘ ਸਾਹਿਬਾਨ ਨਾ ਤਾਂ ਏਸ ਅਰਸੇ ਦੌਰਾਨ ਦਰਬਾਰ ਸਾਹਿਬ ਜਾ ਸਕੇ ਅਤੇ ਨਾ ਹੀ ਅਨੰਦਪੁਰ ਸਾਹਿਬ ਵਿਚ ਹੋਏ ਸਰਬੱਤ ਖਾਲਸਾ ਸੰਮੇਲਨ ਵਿਚ ਕੀਤੇ ਫੈਸਲਿਆਂ ਬਾਰੇ ਕੋਈ ਪ੍ਰਭਾਵਸ਼ਾਲੀ ਕਦਮ ਹੀ ਉਠਾ ਸਕੇ।

ਹਾਲੇ ਪਤਾ ਨਹੀਂ ਹੋਰ ਕਿੰਨੀ ਕੁ ਦੇਰ ਇਸੇ ਤਰ੍ਹਾਂ ਚਲਦਾ ਰਹਿੰਦਾ ਪਰ ਕਾਇਮ ਕੀਤੀ ਗਈ ਪੰਥਕ ਕਮੇਟੀ ਵਲੋਂ ਦਰਬਾਰ ਸਾਹਿਬ ਦੀ ਹਦੂਦ ਵਿਚ ਕੀਤੇ ਗਏ ਖਾਲਿਸਤਾਨ ਦੇ ਐਲਾਨ ਨੇ ਘਟਨਾ ਚੱਕਰ ਵਿਚ ਇਕਦਮ ਤੇਜ਼ੀ ਲੈ ਆਂਦੀ। ਉਸ ਸਮੇਂ ਸਰਕਾਰ ਕੋਲ ਕੋਈ ਐਕਸ਼ਨ ਲੈਣ ਤੋਂ ਬਗੈਰ ਹੋਰ ਕੋਈ ਚਾਰਾ ਨਜ਼ਰ ਨਹੀਂ ਸੀ ਆ ਰਿਹਾ। ਪਰ ਇਹ ਗੱਲ ਸੰਤੁਸ਼ਟੀ ਵਾਲੀ ਕਹੀ ਜਾ ਸਕਦੀ ਹੈ ਕਿ ਇਸ ਕਾਰਵਾਈ ਵਿਚ ਸਿਵਾਏ ਇਕ ਵਿਅਕਤੀ ਦੇ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਅਤੇ ਨਾ ਹੀ ਕਿਸੇ ਹੋਰ ਤਰ੍ਹਾਂ ਦੀ ਗੰਭੀਰ ਘਟਨਾ ਹੀ ਵਾਪਰੀ।

ਜਿਵੇਂ ਕਿ ਸਪੱਸ਼ਟ ਹੁੰਦਾ ਨਜ਼ਰ ਆ ਰਿਹਾ ਹੈ ਅਕਾਲੀ ਦਲ ਵਿਚੋਂ ਹੀ ਕੁਝ ਨਿਰਾਸ਼ ਅਤੇ ਨਰਾਜ਼ ਨੇਤਾ ਇਨ੍ਹਾਂ ਵਾਪਰੀਆਂ ਘਟਨਾਵਾਂ ਤੋਂ ਲਾਭ ਲੈ ਕੇ ਬਰਨਾਲਾ ਸਰਕਾਰ ਨੂੰ ਕਿਸੇ ਜੋਖਿਮ ਭਰੀ ਸਥਿਤੀ ਵਿਚ ਪਾਉਣ ਦਾ ਜ਼ਰੂਰ ਯਤਨ ਕਰਨਗੇ। ਉਨ੍ਹਾਂ ਨੇ ਆਪਣੀਆਂ ਅਜਿਹੀਆਂ ਕਾਰਵਾਈਆਂ ਸ਼ੁਰੂ ਵੀ ਕਰ ਦਿਤੀਆਂ ਲਗਦੀਆਂ ਹਨ। ਇਨ੍ਹਾਂ ਲੋਕਾਂ ਦਾ ਮੁਖ ਮੰਤਵ ਪੰਜਾਬ ਨੂੰ ਇਕ ਕਠਿਨ ਸਥਿਤੀ 'ਚੋਂ ਕੱਢਣ ਦਾ ਨਹੀਂ ਲਗਦਾ। ਨਾ ਹੀ ਅਜਿਹਾ ਲਗਦਾ ਹੈ ਕਿ ਇਹ ਲੋਕ ਪੰਜਾਬ ਦੀਆਂ ਸਮੱਸਿਆਵਾਂ ਪ੍ਰਤੀ ਵਧੇਰੇ ਚਿੰਤਾਵਾਨ ਹਨ। ਪੰਜਾਬ ਸਮਝੌਤੇ ਤੇ ਅਮਲ ਕਰਵਾਉਣ ਦੇ ਨਾਲ ਨਾਲ ਪੰਜਾਬ ਸਰਕਾਰ ਦਾ ਵੱਡਾ ਫਰਜ਼ ਇਹ ਵੀ ਬਣ ਜਾਂਦਾ ਹੈ ਕਿ ਉਹ ਕੇਂਦਰ ਸਰਕਾਰ ਰਾਹੀਂ ਜੇਲ੍ਹਾਂ ਵਿਚ ਡੱਕੇ ਆਪਣੇ ਨੌਜਵਾਨਾਂ ਦੀ ਰਿਹਾਈ ਲਈ ਪ੍ਰਭਾਵਸ਼ਾਲੀ ਕਦਮ ਉਠਾਵੇ। ਇਸ ਤੋਂ ਇਲਾਵਾ ਵੀ ਅਨੇਕਾਂ ਹੀ ਅਜਿਹੇ ਗੰਭੀਰ ਮਸਲੇ ਸਾਹਮਣੇ ਖੜੇ ਹਨ ਜਿਨ੍ਹਾਂ ਦੇ ਹੱਲ ਹੋਣ ਤੋਂ ਬਗੈਰ ਪੰਜਾਬ ਵਿਚ ਸ਼ਾਂਤੀ ਹੋ ਸਕਣੀ ਸੰਭਵ ਨਜ਼ਰ ਨਹੀਂ ਆਉਂਦੀ। ਪਰ ਇਸ ਦੇ ਨਾਲ ਹੀ ਸਿਰਫ ਇਨ੍ਹਾਂ ਨਿਰਾਸ਼ ਹੋਏ ਅਕਾਲੀ ਨੇਤਾਵਾਂ ਨੂੰ ਹੀ ਇਨ੍ਹਾਂ ਸਭ ਸਮੱਸਿਆਵਾਂ ਦੀ ਫਿਕਰ ਕਰਨ ਦੀ ਜ਼ਰੂਰਤ ਨਹੀਂ ਹੋਣੀ ਚਾਹੀਦੀ। ਅਜਿਹਾ ਫਿਕਰ ਸਮੁੱਚੇ ਭਾਈਚਾਰੇ ਦਾ ਸਾਂਝਾ ਫਿਕਰ ਹੋਣਾ ਚਾਹੀਦਾ ਹੈ ਅਤੇ ਹਰ ਇਕ ਨੂੰ ਹੀ ਇਸ ਲਈ ਯਤਨਸ਼ੀਲ ਹੋਣਾ ਚਾਹੀਦਾ ਹੈ। ਇਨ੍ਹਾਂ ਨਿਰਾਸ਼ ਅਕਾਲੀ ਨੇਤਾਵਾਂ ਦਾ ਮੰਤਵ ਸਿਰਫ ਪੰਜਾਬ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਤੱਕ ਹੀ ਸੀਮਤ ਨਹੀਂ ਜਾਪਦਾ। ਜੇਕਰ ਅਜਿਹੀ ਗੱਲ ਹੁੰਦੀ ਤਾਂ ਇਹ ਹੁਣ ਤਕ ਸਿਰਫ ਬਿਆਨਬਾਜ਼ੀ ਕਰਨ ਦੀ ਥਾਂ ਕੋਈ ਠੋਸ ਅਮਲੀ ਕਦਮ ਚੁਕਦੇ ਜਾਂ ਚੰਗੇ ਸੁਝਾਅ ਪੇਸ਼ ਕਰਦੇ, ਜਿਨ੍ਹਾਂ ਤੋਂ ਚੰਗੇ ਨਤੀਜਿਆਂ ਦੀ ਆਸ ਕੀਤੀ ਜਾ ਸਕਦੀ। ਪਰ ਸਾਨੂੰ ਪਿਛਲੇ ਮਹੀਨਿਆਂ ਵਿਚ ਕੁਝ ਵੀ ਅਜਿਹਾ ਨਜ਼ਰ ਨਹੀਂ ਆਇਆ ਸਿਵਾਏ ਇਨ੍ਹਾਂ ਵਲੋਂ ਕੀਤੀ ਗਈ ਬਿਆਨਬਾਜ਼ੀ ਦੇ ਜਾਂ ਜੋੜਾਂ ਤੋੜਾਂ ਦੇ। ਪੰਥਕ ਹਿਤਾਂ ਦੀ ਬਜਾਏ ਇਨ੍ਹਾਂ ਨੂੰ ਕੁਰਸੀ ਨਾਲ ਮੋਹ ਵਧੇਰੇ ਨਜ਼ਰ ਆਉਂਦਾ ਹੈ। ਜੇਕਰ ਕੁਰਸੀ ਕੋਲ ਹੈ ਤਾਂ ਸਭ ਕੁਝ ਠੀਕ ਹੈ ਨਹੀਂ ਤਾਂ ਕੁਝ ਵੀ ਠੀਕ ਨਹੀਂ ਹੈ ਅਜਿਹੀ ਸੂਰਤ ਵਿਚ ਆਮ ਲੋਕਾਂ ਨੂੰ ਵੀ ਇਨ੍ਹਾਂ ਨੇਤਾਵਾਂ ਵਲੋਂ ਚਲੀ ਜਾਂਦੀ ਕਿਸੇ ਵੀ ਚਾਲ ਤੋਂ ਵਧੇਰੇ ਸੁਚੇਤ ਹੋਣ ਦੀ ਜ਼ਰੂਰਤ ਹੋਵੇਗੀ। ਸ਼ਰੋਮਣੀ ਅਕਾਲੀ ਦਲ ਅਤੇ ਪੰਜਾਬ ਸਰਕਾਰ ਨੂੰ ਵੀ ਹੁਣ ਕਿਸੇ ਦੋਗਲੀ ਮਾਨਸਿਕਤਾ ਦਾ ਸ਼ਿਕਾਰ ਨਹੀਂ ਰਹਿਣਾ ਚਾਹੀਦਾ। ਜੇਕਰ ਉਨ੍ਹਾਂ ਨੇ ਪੰਜਾਬ ਦੇ ਮਸਲੇ ਹੱਲ ਕਰਵਾਉਣ ਲਈ ਪੂਰੀ ਤਰ੍ਹਾਂ ਯਤਨਸ਼ੀਲ ਹੋਣਾ ਹੈ ਤਾਂ ਉਨ੍ਹਾਂ ਨੂੰ ਸਪੱਸ਼ਟ ਨੀਤੀ ਧਾਰਨ ਕਰਕੇ ਦ੍ਰਿੜਤਾ ਨਾਲ ਉਸ ਤੇ ਤੁਰਨਾ ਹੋਵੇਗਾ। ਇਸੇ ਸੂਰਤ ਵਿਚ ਹੀ ਉਹ ਪੰਜਾਬ ਦਾ ਅਤੇ ਪੰਜਾਬੀਆਂ ਦਾ ਕੁਝ ਭਲਾ ਕਰ ਸਕਣ ਦੇ ਯੋਗ ਹੋ ਸਕਣਗੇ।

(ਸੰਪਾਦਕੀ 'ਅਜੀਤ' -

## ਜੁਨੈਜੋ ਦੀ ਸੀਟ ਖਤਰੇ ਵਿਚ

ਇਸਲਾਮਾਬਾਦ — ਪਾਕਿਸਤਾਨ ਦੇ ਮੁਖ ਚੋਣ ਕਮਿਸ਼ਨਰ ਜਸਟਿਸ ਐਸ. ਏ. ਨੁਸਰਤ ਵਲੋਂ ਇਸ ਹਫਤੇ ਦੇ ਅੰਦਰ ਅੰਦਰ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਮੁਹੰਮਦ ਖਾਨ ਜੁਨੈਜੋ ਨੂੰ ਇਕ ਨੋਟਿਸ ਜਾਰੀ ਕੀਤਾ ਜਾ ਰਿਹਾ ਹੈ ਜਿਸ ਵਿਚ ਉਨ੍ਹਾਂ ਨੂੰ ਕਿਹਾ ਜਾਵੇਗਾ ਕਿ ਉਹ ਸਪਸ਼ਟ ਕਰਨ ਕਿ ਉਨ੍ਹਾਂ ਨੂੰ ਪਾਰਲੀਮੈਂਟ ਦੀ ਮੈਂਬਰੀ ਤੋਂ ਕਿਉਂ ਨਾ ਹਟਾ ਦਿਤਾ ਜਾਵੇ। ਇਹ ਵਰਨਣਯੋਗ ਹੈ ਕਿ ਪਾਕਿਸਤਾਨ ਦੇ ਚੋਣ ਕਾਨੂੰਨ ਹੇਠ ਗੈਰਰਜਿਸਟਰਡ ਪਾਰਟੀਆਂ ਦੇ ਮੈਂਬਰਾਂ ਉਤੇ ਚੋਣਾਂ ਲੜਨ ਉਤੇ ਪਾਬੰਦੀ ਲਾਗੂ ਹੈ ਪਰ ਸ੍ਰੀ ਜੁਨੈਜੋ ਅਤੇ ਉਨ੍ਹਾਂ ਦੇ ਸਮਰਥਕ ਰਜਿਸਟਰਡ ਕਰਾਏ ਜਾਣ ਤੋਂ ਪਹਿਲਾਂ ਹੀ ਮੁਸਲਿਮ ਲੀਗ ਪਾਰਟੀ ਵਿਚ ਸ਼ਾਮਲ ਹੋ ਗਏ ਸਨ। ਕੌਮੀ ਅਸੈਂਬਲੀ ਦੇ ਦੋ ਮੈਂਬਰਾਂ ਵਲੋਂ ਸ੍ਰੀ ਜੁਨੈਜੋ ਦੀ ਚੋਣ ਰੱਦ ਕਰਨ ਬਾਰੇ ਦਿਤੇ ਗਏ ਨੋਟਿਸ ਨੂੰ ਸਪੀਕਰ ਨੇ ਚੋਣ ਕਮਿਸ਼ਨ ਕੋਲ ਭੇਜ ਦਿਤਾ। ਪਾਕਿਸਤਾਨੀ ਅਖਬਾਰ ਜੰਗ ਵਿਚ ਛਪੀ ਖਬਰ ਅਨੁਸਾਰ ਸ੍ਰੀ ਜੁਨੈਜੋ ਅਤੇ ਹੋਰਨਾਂ ਨੂੰ ਜਵਾਬ ਦੇਣ ਲਈ ਦਸ ਦਿਨਾਂ ਦਾ ਸਮਾਂ ਦਿਤਾ ਜਾਵੇਗਾ। ਜੇਕਰ ਉਪਰੋਕਤ ਦੋਸ਼ ਸਾਬਤ ਹੋ ਗਏ ਤਾਂ ਪ੍ਰਧਾਨ ਮੰਤਰੀ ਸ੍ਰੀ ਜੁਨੈਜੋ ਅਤੇ ਬਾਕੀ ਮੈਂਬਰਾਂ ਨੂੰ ਪਾਰਲੀਮੈਂਟ ਦੀਆਂ ਸੀਟਾਂ ਛੱਡਣੀਆਂ ਪੈਣਗੀਆਂ। ਰਾਸ਼ਟਰਪਤੀ ਜਨਰਲ ਜ਼ਿਆ ਨੇ ਪਿਛਲੇ ਸਾਲ ਕੌਮੀ ਅਸੈਂਬਲੀ ਦੀਆਂ ਚੋਣਾਂ ਪਿਛੋਂ ਸ੍ਰੀ ਜੁਨੈਜੋ ਨੂੰ ਪ੍ਰਧਾਨ ਮੰਤਰੀ ਨਾਮਜ਼ਦ ਕੀਤਾ ਸੀ।

## ਵਿੰਨੀਪੈਗ ਵਿਚ ਪੰਜਾਬੀ ਕਲਾਸਾਂ

ਵਿੰਨੀਪੈਗ ਵਿਚ ਐਲਵਿਕ ਸਕੂਲ, 30 ਮੇਰਲੀ ਰੋਡ ਵਿਚ ਪੰਜਾਬੀ ਦੀਆਂ ਕਲਾਸਾਂ 29 ਅਪਰੈਲ ਤੋਂ ਸ਼ੁਰੂ ਹਨ। ਕਲਾਸਾਂ ਹਰ ਮੰਗਲਵਾਰ, ਬੁੱਧਵਾਰ, ਵੀਰਵਾਰ ਸ਼ਾਮ ਨੂੰ ਸਵਾ ਚਾਰ ਵਜੇ ਤੋਂ ਪੰਜ ਵਜੇ ਤੱਕ ਚਲਦੀਆਂ ਹਨ ਤੇ ਜੂਨ ਦੇ ਅੰਤ ਤੱਕ ਚਲਣਗੀਆਂ। ਪੰਜਾਬੀ ਬੋਲਣ ਵਾਲੇ ਚੰਗੇ ਅਧਿਆਪਕ ਹਨ।

ਇਹ ਕਲਾਸਾਂ ਗਰੇਡ 1 ਤੋਂ 6 ਦੇ ਵਿਦਿਆਰਥੀਆਂ ਲਈ ਹਨ ਅਤੇ 48 ਬੱਚੇ ਪਹਿਲਾਂ ਹੀ ਦਾਖਲ ਹੋ ਚੁਕੇ ਹਨ। ਸਕੂਲ ਆਉਣ ਅਤੇ ਜਾਣ ਦਾ ਵੀ ਪ੍ਰਬੰਧ ਹੈ ਪਰ ਮਾਪਿਆਂ ਲਈ ਜ਼ਰੂਰੀ ਹੈ ਕਿ ਉਹ ਸ਼ਾਮ ਪੰਜ ਵਜੇ ਬੱਚਿਆਂ ਨੂੰ ਆਪ ਲੈ ਕੇ ਜਾਣ।

ਜੋ ਵੀ ਵਿੰਨੀਪੈਗ ਵਿਚ ਆਪਣੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣਾ ਚਾਹੁੰਦਾ ਹੈ ਉਹ ਡੇਨ ਟੋਲ, ਭਾਸ਼ਾ ਕੋਆਰਡੀਨੇਟਰ ਨੂੰ ਫੋਨ ਕਰ ਸਕਦਾ ਹੈ ਜਿਨ੍ਹਾਂ ਦਾ ਦਫਤਰ ਸੇਵਨ ਓਕਸ ਸਕੂਲ ਵਿਚ ਹੈ — ਫੋਨ ਹੈ — 586-9651

ਡੀ. ਸੀ. ਟੋਲ
ਭਾਸ਼ਾ ਕੋਆਰਡੀਨੇਟਰ


# CRAIG PATERSON & ASSOCIATES

**Lawyers**

1400 Dominion Building — 207 West Hastings St., Vancouver, B.C. V6B 1K5

**Ph. 669-7311**

- Workers Compensation — ਵਰਕਰਜ਼ ਕੰਪਨਜ਼ੇਸ਼ਨ
- Personal Injury Case — ਜ਼ਾਤੀ ਸੱਟਾਂ ਦੇ ਕੇਸ
- Medical-legal Issues — ਡਾਕਟਰੀ-ਕਾਨੂੰਨੀ ਮਾਮਲੇ
- Human Rights — ਮਨੁੱਖੀ ਹੱਕ
- Labour — ਲੇਬਰ
- Civil Litigation — ਸਿਵਲ ਦੇ ਮੁੱਕਦਮੇ

Craig Paterson — Joyce Dassonville — John Stowe

## Mr. Patel of Ambika Foods throws DINNER PARTY at MOGUL GARDENS, VANCOUVER



Mr. Ishwar Patel of AMBIKA Foods with beauty show constestents and Miss Mt. Pleasant



Guests with Mrs. Patel



Mr. Patel, Mr. Sudesh Kalia, Mr. Samtani, Mr. Sharma and a guest

# ਸ਼ਹੀਦ ਸਰਾਭਾ ਦਾ ਪਹਿਰੇ 'ਤੇ ਖੜ੍ਹਾ ਬੁੱਤ

ਡਾ. ਗੁਰਨਾਮ ਸਿੰਘ ਤੀਰ

ਕੌਮੀ ਸ਼ਹੀਦ ਸ. ਕਰਤਾਰ ਸਿੰਘ ਸਰਾਭਾ ਦਾ ਬੁੱਤ ਜੋ ਉਸਦੇ ਆਪਣੇ ਪਿੰਡ ਦੀ ਫਿਰਨੀ ਉਤੇ ਆਪਣੇ ਖਾਨਦਾਨੀ ਖੇਤ ਦੇ ਸਾਹਮਣੇ ਜੜਿਆ ਹੋਇਆ ਹੈ, ਲੋਕਾਂ ਦੀ ਅਥਾਹ ਸ਼ਰਧਾ ਦਾ ਪਾਤਰ ਬਣਦਾ ਜਾ ਰਿਹਾ ਹੈ।

2 ਮਈ ਦੀ ਰਾਤ ਨੂੰ ਜਦੋਂ ਕੌਮੀ ਸ਼ਹੀਦ ਕਰਤਾਰ ਸਿੰਘ ਸਰਾਭਾ ਟਰੱਸਟ ਦੀ ਪਹਿਲੀ ਮੀਟਿੰਗ ਪਿੰਡ ਦੇ ਗੁਰਦੁਆਰੇ ਵਿਚ ਸਮਾਪਤ ਹੋਈ ਤਦ ਬਾਹਰੋਂ ਆਏ ਕੁਝ ਸੱਜਣ ਸਥਾਨਕ ਨੇਤਾਵਾਂ ਨਾਲ ਗੱਲਾਂ ਕਰਦੇ ਸ. ਕਰਤਾਰ ਸਿੰਘ ਸਰਾਭਾ ਦੇ ਬੁੱਤ ਪਾਸ ਜਾ ਖਲੋਤੇ।

ਪਿੰਡ ਸਰਾਭਾ ਦੇ ਇਕ ਨੌਜਵਾਨ ਮਨਜੀਤ ਸਿੰਘ ਨੇ ਬਾਹਰੋਂ ਆਏ ਸੱਜਣਾਂ ਨੂੰ ਦੱਸਿਆ ਕਿ ਜਦੋਂ ਤੋਂ ਇਹ ਬੁੱਤ ਇਥੇ ਲਾਇਆ ਗਿਆ ਹੈ ਆਉਣ ਜਾਣ ਵਾਲੇ ਲੋਕ ਇਸ ਵਿਚ ਬੜੀ ਦਿਲਚਸਪੀ ਲੈਂਦੇ ਹਨ। ਬੁੱਤ ਦੇ ਸਾਹਮਣੇ ਰੱਖੀ ਗਈ ਗੋਲਕ ਵਿਚ ਆਪਣੇ ਆਪ ਪੈਸੇ ਪਾ ਜਾਂਦੇ ਹਨ। ਇਸੇ ਤਰ੍ਹਾਂ ਬੁੱਤ ਦੇ ਸਾਹਮਣੇ ਕੁਝ ਕਿਸਾਨ ਔਰਤਾਂ ਤੇ ਬੰਦੇ ਦਾਣਿਆਂ ਦਾ ਢੇਰ ਲਾ ਜਾਂਦੇ ਹਨ ਜਿਹੜੇ ਪ੍ਰਬੰਧਕਾਂ ਨੂੰ ਚੁੱਕਣੇ ਪੈਂਦੇ ਹਨ।

ਮਨਜੀਤ ਸਿੰਘ ਨੇ ਇਹ ਵੀ ਦੱਸਿਆ ਕਿ ਜਿਨ੍ਹਾਂ ਲੋਕਾਂ ਨੂੰ ਸਰਾਭਾ ਸਾਹਿਬ ਵਿਚ ਅਟੁੱਟ ਵਿਸ਼ਵਾਸ਼ ਹੈ, ਉਨ੍ਹਾਂ ਦੀਆਂ ਮੁਰਾਦਾਂ ਵੀ ਪੂਰੀਆਂ ਹੁੰਦੀਆਂ ਹਨ। ਚੰਗੇ ਕੰਮਾਂ ਲਈ ਆਏ ਨੌਜਵਾਨ ਚੰਗੀਆਂ ਤਕਦੀਰਾਂ ਪ੍ਰਾਪਤ ਕਰਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਬੁੱਤ ਕੋਲੋਂ ਲੰਘਣ ਵਾਲੇ ਟਰੱਕ ਇਥੇ ਖੜ੍ਹੇ ਹੋ ਕੇ ਮੱਥਾ ਟੇਕਦੇ ਹਨ ਤੇ ਚੜ੍ਹਾਵਾ ਚੜ੍ਹਾਉਂਦੇ ਹਨ। ਅੱਗੇ ਚੱਲ ਕੇ ਉਨ੍ਹਾਂ ਕਿਹਾ ਕਿ ਕੁਝ ਲੋਕਾਂ ਦਾ ਵਿਸ਼ਵਾਸ਼ ਹੈ ਕਿ ਕਰਤਾਰ ਸਿੰਘ ਸਰਾਭਾ ਦਾ ਬੁੱਤ ਇਥੇ ਆਏ ਲੋਕਾਂ ਨੂੰ ਧਰਵਾਸ ਦਿੰਦਾ ਹੈ ਅਤੇ ਚੜ੍ਹਦੀ ਕਲਾ ਵਿਚ ਰਹਿਣ ਲਈ ਆਦੇਸ਼ ਬਖਸ਼ਦਾ ਹੈ।

ਮਨਜੀਤ ਸਿੰਘ ਨੇ ਇਹ ਵੀ ਦੱਸਿਆ ਹੈ ਕਿ ਇਕ ਮਾਈ ਨੇ ਆਪਣੇ ਬੇਟੇ ਨੂੰ 55 ਰੁਪਏ ਦਿੱਤੇ ਤੇ ਕਿਹਾ ਕਿ ਪੰਜ ਰੁਪਏ ਬੁੱਤ 'ਤੇ ਮੱਥਾ ਟੇਕਣ ਲਈ ਹਨ ਤੇ 50 ਰੁਪਏ ਤੇਰੀਆਂ ਕਿਤਾਬਾਂ ਲਈ। ਉਸ ਬੱਚੇ ਨੇ ਬੁੱਤ ਪਾਸ ਜਾ ਕੇ ਗਲਤੀ ਨਾਲ 50 ਰੁਪਏ ਵਾਲਾ ਨੋਟ ਮੱਥਾ ਟੇਕ ਦਿਤਾ ਤੇ ਪੰਜ ਵਾਲਾ ਜੇਬ ਵਿਚ ਪਾ ਕੇ ਮੁੜ ਆਇਆ। ਫਿਰ ਉਸ ਨੇ ਰਸਤੇ ਵਿਚ ਸੋਚਿਆ ਕਿ ਗੋਲਕ ਦਾ ਪ੍ਰਬੰਧ ਕਰਨ ਵਾਲਿਆਂ ਨੂੰ ਇਸ ਗਲਤੀ ਦਾ ਸਪਸ਼ਟੀਕਰਣ ਦਿਤਾ ਜਾਵੇ। ਮਨਜੀਤ ਸਿੰਘ ਨੇ ਦੱਸਿਆ ਕਿ ਬੱਚੇ ਦੇ ਬਿਆਨ ਨੂੰ ਸਹੀ ਸਮਝਦਿਆਂ ਹੋਇਆਂ ਗੋਲਕ ਖੋਲ੍ਹ ਕੇ ਉਸਨੂੰ ਪੰਜਾਹ ਰੁਪਏ ਦਾ ਨੋਟ ਦੇ ਦਿੱਤਾ ਗਿਆ। ਜਦੋਂ ਉਹ ਘਰ ਗਿਆ ਉਸ ਦੀ ਮਾਂ ਨੇ ਉਸ ਨੂੰ ਨੋਟ ਮੁੜਵਾਉਣ ਲਈ ਘੂਰਿਆ। ਉਸ ਨੇ ਕਿਹਾ ਮੱਥਾ ਟੇਕੀ ਗਈ ਰਕਮ ਕਦੇ ਵਾਪਸ ਨਹੀਂ ਲਿਆ ਕਰਦੇ। ਮੁੰਡੇ ਨੇ ਫੇਰ ਜਾ ਕੇ ਪੰਜਾਹ ਦਾ ਨੋਟ ਗੋਲਕ ਵਿਚ ਪਾ ਦਿਤਾ। ਜਦੋਂ ਉਹ ਘਰ ਮੁੜਿਆ ਤਾਂ ਉਸ ਦਾ ਇਕ ਰਿਸ਼ਤੇਦਾਰ ਘਰ ਵਿਚ ਬੈਠਾ ਚਾਹ ਪੀ ਰਿਹਾ ਸੀ। ਉਸ ਨੇ ਜਾਣ ਲੱਗਿਆਂ ਬੱਚੇ ਨੂੰ 100 ਦਾ ਨੋਟ ਦੇ ਕੇ ਕਿਹਾ, "ਬੇਟਾ ਇਹ ਪੈਸੇ ਤੇਰੀਆਂ ਕਿਤਾਬਾਂ ਲਈ ਹਨ।" ਬੱਚਾ ਸਮਝ ਰਿਹਾ ਸੀ ਉਸ ਦਾ ਨੋਟ ਵਾਹਿਗੁਰੂ ਨੇ ਦੁੱਗਣਾ ਕਰ ਦਿਤਾ ਹੈ।

ਮਨਜੀਤ ਸਿੰਘ ਨਾਲ ਖੜੋਤੇ ਇਕ ਹੋਰ ਯੁਵਕ ਨੇ ਹੱਸਦੇ ਹੋਇਆਂ ਕਿਹਾ ਕਿ ਸਭ ਤੋਂ ਵਧੀਆ ਦ੍ਰਿਸ਼ ਉਹ ਹੁੰਦਾ ਹੈ ਜਦੋਂ ਕੁਝ ਸ਼ਰਾਬੀ ਸ਼ਰਾਬ ਪੀ ਕੇ ਬੁੱਤ ਸਾਹਮਣੇ ਆ ਖੜੋਂਦੇ ਹਨ ਤੇ ਜੇਬਾਂ 'ਚੋਂ ਨੋਟ ਕੱਢ ਕੇ ਚੜ੍ਹਾਉਂਦੇ ਹੋਏ ਕਹਿੰਦੇ ਹਨ, "ਸਰਦਾਰ ਕਰਤਾਰ ਸਿਹਾਂ, ਸਾਨੂੰ ਮਾਫ ਕਰੀਂ। ਅਸੀਂ ਗੁਰਦੁਆਰੇ ਵੀ ਨਹੀਂ ਜਾ ਸਕਦੇ ਤੇ ਤੇਰੇ ਕੋਲ ਆਉਣ ਤੋਂ ਵੀ ਝਿਜਕਦੇ ਹਾਂ। ਤੈਨੂੰ ਵਤਨ ਪ੍ਰਸਤੀ ਦਾ ਨਸ਼ਾ ਸੀ ਤੇ ਸਾਨੂੰ ਬੋਤਲ ਦਾ। ਤੂੰ ਸਾਡੀ ਰਖਸ਼ਾ ਕਰਨੀ ਹੈ ਤੇ ਸਾਨੂੰ ਸਿੱਧੇ ਰਾਹ ਪਾਉਣਾ ਹੈ।"

ਅਜਿਹੇ ਮੌਕੇ 'ਤੇ ਇਸ ਤਰ੍ਹਾਂ ਲਗਦਾ ਹੈ ਜਿਵੇਂ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਬੁੱਤ ਆਪਣੇ ਭੋਲੇ-ਭਾਲੇ ਵੀਰਾਂ ਦੀ ਸ਼ਰਧਾ 'ਤੇ ਮੁਸਕਰਾ ਰਿਹਾ ਹੁੰਦਾ ਹੈ

ਇਨ੍ਹਾਂ ਗੱਲਾਂ ਤੋਂ ਤਾਂ ਇਉਂ ਜਾਪਦਾ ਹੈ ਜਿਵੇਂ ਸ਼ਹੀਦ ਕਰਤਾਰ ਸਿੰਘ ਸਰਾਭਾ ਅਜੇ ਵੀ ਉਸੇ ਤਰ੍ਹਾਂ ਜਿਉਂਦੇ ਜਾਗਦੇ ਇਨਕਲਾਬੀ ਮਨੁੱਖ ਵਾਂਗ ਪਹਿਰੇ 'ਤੇ ਖੜ੍ਹਾ ਹੈ।

# ਤਿਹਾੜ ਜੇਲ੍ਹ ਵਿਚ ਪੰਜਾਬ ਦਾ ਸਟਾਫ

ਨਵੀਂ ਦਿੱਲੀ — ਤਿਹਾੜ ਜੇਲ੍ਹ ਵਿਚ ਪੰਜਾਬ, ਹਰਿਆਣਾ ਅਤੇ ਹਿਮਾਚਲ ਦੇ ਸੀਨੀਅਰ ਅਧਿਕਾਰੀ ਤਾਇਨਾਤ ਕੀਤੇ ਜਾਣ ਦੀ ਸੰਭਾਵਨਾ ਹੈ। ਭਰੋਸੇਯੋਗ ਸੂਤਰਾਂ ਅਨੁਸਾਰ ਇਕ ਡੀ. ਆਈ. ਜੀ. ਦੋ ਸੁਪਰਡੈਂਟ ਅਤੇ ਚਾਰ ਡਿਪਟੀ ਸੁਪਰਡੈਂਟ ਗੁਆਂਢੀ ਰਾਜਾਂ ਤੋਂ ਲਏ ਜਾਣਗੇ। ਜੇਲ੍ਹ ਪ੍ਰਸ਼ਾਸਨ ਵਿਚ ਅਦਲਾ ਬਦਲੀ ਕੌਮਾਂਤਰੀ ਮੁਜਰਮ ਚਾਰਲਸ ਸੋਭਰਾਜ ਦੀ ਫਰਾਰੀ ਤੋਂ ਬਾਅਦ ਕਾਇਮ ਕੀਤੀ ਗਈ ਲੱਧੜ ਕਮੇਟੀ ਦੀਆਂ ਸਿਫਾਰਸ਼ਾਂ 'ਤੇ ਕੀਤੀ ਜਾ ਰਹੀ ਹੈ।




Kuldip S. Jhand

WHEATON
PONTIAC BUICK GMC LTD.

ਤੁਹਾਡੇ ਲਈ ਪੈਸਿਆਂ ਦਾ ਬੰਦੋਬਸਤ ਕੀਤਾ ਜਾਂਦਾ ਹੈ। ਥੋੜੀ ਜਿਹੀ ਡਾਊਨ ਪੇਮੈਂਟ ਦੇ ਸਾਡੇ ਕੋਲੋਂ ਅਸਾਨ ਕਿਸ਼ਤਾਂ ਤੇ ਕਾਰਾਂ ਲਓ

ਅਸੀਂ ਤੁਹਾਡੀਆਂ ਪੁਰਾਣੀਆਂ ਕਾਰਾਂ, ਵੈਨਾਂ ਆਦਿ ਵੀ ਚੰਗੇ ਭਾਅ ਤੇ ਖ਼੍ਰੀਦਦੇ ਹਾਂ — ਇਕ ਵਾਰ ਦਰਸ਼ਨ ਜ਼ਰੂਰ ਦਿਓ

ਕੁਲਦੀਪ ਸਿੰਘ ਝੰਡ
ਨੂੰ ਮਿਲੋ ਜਾਂ ਫੋਨ ਕਰੋ

Bus. 526-2781
Res. 524-4137
Pager 687-7711 #7610

SUPER BUYS

325 - 12th St., New Westminster, B.C.



Lo-Cost Aluminum Railing (1985) Ltd.

Specialists in Commercial & Residential Railings & Awning Frames

Sajiv Paul
Manager

Ph. 276-2840 or 872-7227

Unit K - 2420 SHELL RD.
RICHMOND, B.C.

# Ambika Foods

**5125 Victoria Dr**
**Ph. 32**

# Sale Starts June

| | | | | |
|---|---|---|---|---|
| Vegetable Oil<br>ਵੈਜੀਟੇਬਲ ਤੇਲ<br>3 litre<br>only $2.87 | Mazzola Corn Oil<br>ਮਜੋਲਾ ਮੱਕੀ ਦਾ ਤੇਲ<br>3 litre<br>only $5.89 | Vegetable Oil<br>ਵੈਜੀਟੇਬਲ ਤੇਲ<br>16 litre<br>only $12.99 pail | Sun Flower Oil<br>ਸਨ ਫਲਾਵਰ ਆਇਲ<br>16 litre<br>only $19.99 pail | Sun Flower Oil<br>ਸਨ ਫਲਾਵਰ ਆਇਲ<br>3 litre<br>only $3.99 |
| Colonial Halal Mutton<br>ਹਲਾਲ ਮਟਨ<br>only $1.29 can | Koki Corned Mutton<br>ਕੋਕੀ ਕੌਰਨਡ ਮਟਨ<br>only $1.29 can | Salisbury Corned Mutton<br>ਸੇਲਜ਼ਬਰੀ ਕੌਰਨਡ ਮਟਨ<br>only $1.29 can | Lamb Chops<br>ਲੈਂਬ ਚੌਪ<br>only $1.29 lb. | Chicken Drumstick<br>ਚਿਕਨ ਡਰੱਮਸਟਿਕ<br>99¢ lb. |
| Punjabi Tinda<br>ਪੰਜਾਬੀ ਟੀਂਡਾ<br>79¢ tin | Karela<br>ਕਰੇਲਾ<br>69¢ tin | Rooh Afza<br>Hamdard<br>ਰੂਹ ਅਫਜ਼ਾ<br>$2.99 bottle | Curried Patra<br>ਪਾਤਰਾ<br>99¢ tin | Jimikand (Yam)<br>ਜ਼ਿਮੀਕੰਦ<br>89¢ tin |

## GRIND YOUR OWN MASALA

| | | | | |
|---|---|---|---|---|
| Jeera<br>ਜ਼ੀਰਾ<br>98¢ lb. | Dhania<br>ਧਨੀਆ<br>89¢ lb. | Methe<br>ਮੇਥੇ<br>59¢ lb. | Ginger Powder<br>ਸੁੰਢ<br>99¢ lb. | Haldi<br>ਹਲਦੀ<br>89¢ lb. |

## DAL

| | | | | |
|---|---|---|---|---|
| Urad Manh<br>ਮਾਂਹ<br>29¢ lb. | Moong<br>ਮੂੰਗੀ<br>29¢ lb. | Chana Dal<br>ਛੋਲਿਆਂ ਦੀ ਦਾਲ<br>37¢ lb. | Australian Moth<br>ਮੋਠ<br>37¢ lb. | Moong Split Dal<br>ਦਲਵੀਂ ਮੂੰਗੀ<br>37¢ lb. |

For your marriage party or other parties — Kitchen facilities available for cooking — Day to day rental basis — cooking assistance available, too — cook yourself and save money.
Book in advance Ph. 327-0295

# Anniversary Sale

## Vancouver, B.C.

## 7-0295

# 15 - July 10, 1986

| | | | | |
|---|---|---|---|---|
| Farine Roti Atta<br>10 kg.<br>ਫਰੀਨ ਰੋਟੀ ਆਟਾ<br>only<br>$4.89 | Chana Flour<br>(Besan)<br>ਬੇਸਣ<br>only 2 kg.<br>$2.39 | Pea Flour<br>ਮਟਰਾਂ ਦਾ ਆਟਾ<br>2 kg.<br>$1.49 | Corn Flour<br>ਮੱਕੀ ਦਾ ਆਟਾ<br>2 kg.<br>$1.49 | Tin Macken<br>ਟੀਨ ਮੈਕਨ<br>each<br>89¢ |
| Chicken Legs<br>(Whole)<br>ਮੁਰਗੇ ਦੀਆਂ ਲੱਤਾਂ<br>$1.19 lb. | Goat Meat<br>ਬੱਕਰੇ ਦਾ ਮੀਟ<br>$1.99 lb. | Pacific Tin Milk<br>ਪੈਸੀਫਿਕ ਦੁੱਧ<br>68¢ each | Pachranga Achar<br>ਪਚਰੰਗਾ ਆਚਾਰ<br>99¢ tin | Shona Saag<br>ਸ਼ੋਹਣਾ ਸਾਗ<br>89¢ tin |
| Peanut<br>ਪੀਨਟ<br>69¢ lb. | Chivret Pawa<br>ਪਾਵਾ<br>69¢ lb. | Mamra<br>Fulian<br>ਮਮਰਾ<br>99¢ lb. | Dhandal<br>ਡੰਡਲ<br>99¢ lb. | Khaskhas<br>ਖਸਖਸ<br>$1.99 lb. |
| Mirch<br>ਮਿਰਚ<br>99¢ lb. | Margrine<br>ਮਾਰਜਰੀਨ<br>49¢ lb. | Butter Milk<br>ਲੱਸੀ<br>99¢ litre | Milk<br>ਦੁੱਧ<br>4 litre<br>$3.39 | Long Grain<br>Rice<br>ਲੌਂਗ ਗਰੇਨ ਚਾਵਲ<br>20 kg.<br>$9.89 |
| Manh Split Dal<br>ਦਲਵੇਂ ਮਾਂਹ<br>37¢ lb. | Sugar Best Price in Town<br>ਖੰਡ ਸਭ ਤੋਂ ਸਸਤੀ ਕੀਮਤ 'ਤੇ | | | Basmati Rice<br>ਬਾਸਮਤੀ ਚਾਵਲ<br>79¢ lb. |

ਵਿਆਹ ਸ਼ਾਦੀਆਂ ਦੀ ਪਾਰਟੀ ਲਈ, ਜਨਮ ਦਿਨ ਜਾਂ ਹੋਰ ਕਿਸੇ ਕਿਸਮ ਦੀ ਪਾਰਟੀ ਲਈ ਖਾਣਾ ਬਣਾਉਣ ਲਈ ਕਿਚਨ ਕਿਰਾਏ ਤੇ ਮਿਲ ਸਕਦੀ ਹੈ — ਆਪ ਖਾਣਾ ਬਣਾਓ ਅਤੇ ਪੈਸੇ ਬਚਾਓ । ਕਿਚਨ ਵਿਚ ਖਾਣਾ ਬਣਾਉਣ ਲਈ ਮਦਦ ਵੀ ਮਿਲ ਸਕਦੀ ਹੈ ਹੋਰ ਜਾਣਕਾਰੀ ਲਈ ਫੋਨ ਕਰੋ :—

ਫੋਨ : 327-0295

# ਲੋਕ ਕਲਾ ਕੇਂਦਰ ਵੈਨਕੂਵਰ ਦਾ ਵਿਸ਼ੇਸ਼ ਸਮਾਗਮ

ਲੋਕ ਕਲਾ ਕੇਂਦਰ ਵੈਨਕੂਵਰ ਦਾ 17 ਮਈ ਨੂੰ ਵੈਨਕੂਵਰ ਵਿਖੇ ਵਿਸ਼ੇਸ਼ ਸਮਾਗਮ ਇੰਗਲੈਂਡ ਦੇ ਪ੍ਰਸਿੱਧ ਕਵੀ ਅਤੇ ਇੰਡੀਅਨ ਵਰਕਰਜ਼ ਐਸੋ: ਗਰੇਟ ਬਰਿਟਨ ਦੇ ਨੈਸ਼ਨਲ ਸੈਕਟਰੀ ਸਾਥੀ ਅਵਤਾਰ 'ਸਾਦਿਕ' ਅਤੇ ਭਾਰਤ ਤੋਂ ਆਏ ਲੋਕ ਹਿਤਾਂ ਨਾਲ ਪਰਨਾਏ ਅਤੇ ਲੋਕ ਘੋਲਾਂ ਦੇ ਘੁਲਾਟੀਏ ਕਵੀ ਸਾਥੀ ਹਰਕੇਵਲ ਸਿੰਘ 'ਕੇਵਲ' ਦੇ ਸਨਮਾਨ ਵਿਚ ਕੀਤਾ ਗਿਆ। ਇਸ ਸਮਾਗਮ ਵਿਚ ਲੋਕ-ਕਲਾ, ਸਾਹਿਤ ਅਤੇ ਅਗਾਂਹਵਧੂ ਰਾਜਨੀਤੀ ਨਾਲ ਸਬੰਧ ਰਖਣ ਵਾਲੇ ਕਾਫੀ ਲੋਕਾਂ ਨੇ ਭਾਗ ਲਿਆ।

ਸਭ ਤੋਂ ਪਹਿਲਾਂ ਲੋਕ ਕਲਾ ਕੇਂਦਰ ਵੈਨਕੂਵਰ ਵਲੋਂ ਸਾਥੀ ਮੁਹਿੰਦਰ ਸੂਮਲ ਨੇ, ਜੋ ਈਸਟ ਇੰਡੀਅਨ ਵਰਕਰਜ਼ ਐਸੋ: ਦੇ ਜਨਰਲ ਸਕੱਤਰ ਹਨ, ਨੇ ਸਾਥੀ 'ਸਾਦਿਕ' ਅੰਤੇ ਸਾਥੀ 'ਕੇਵਲ' ਨੂੰ ਉਨ੍ਹਾਂ ਦੀਆਂ ਸਭਿਆਚਾਰ, ਸਾਹਿਤਕ ਅਤੇ ਸਮਾਜਕ ਖੇਤਰ ਵਿਚ ਦੇਣਾਂ ਨੂੰ ਸਨਮਾਨਦਿਆਂ ਵਿਸ਼ੇਸ਼ 'ਸਨਮਾਨ ਪੱਤਰ' ਭੇਂਟ ਕੀਤੇ।

ਸਾਥੀ ਹਰਕੇਵਲ ਸਿੰਘ ਕੇਵਲ ਨੇ ਇਸ ਮੌਕੇ ਤੇ ਸੰਖੇਪ ਭਾਸ਼ਨ ਦਿੰਦਿਆਂ ਕਿਹਾ ਕਿ ਸਭਿਆਚਾਰ ਨਾ ਇਕੱਲਾ ਇਕ ਭੂਗੋਲਿਕ ਖੇਤਰ ਨਾਲ ਸੰਬੰਧ ਰਖਦਾ, ਨਾ ਇਕ ਵਿਸ਼ੇਸ਼ ਨਸਲ ਜਾਂ ਧਰਮ ਨਾਲ, ਸੰਬਧ ਰਖਦਾ ਹੈ, ਨੀਂ ਵਿਸ਼ੇਸ਼ ਰਸਮਾਂ ਰਵਾਜ਼ਾਂ ਅਤੇ ਨਾ ਹੀ ਇਕੱਲੀ ਬੋਲੀ ਨੂੰ ਕਿਹਾ ਜਾਂਦਾ ਹੈ, ਸਗੋਂ ਇਨ੍ਹਾਂ ਸਾਰਿਆਂ ਦਾ ਸੁਮੇਲ ਹੀ ਇਕ ਖਾਸ ਸਭਿਆਚਾਰ ਹੁੰਦਾ ਹੈ। ਇਸ ਨੂੰ ਧਰਮ ਜਾਂ ਬੋਲੀ ਦੇ ਨਾਂ ਉਪਰ ਵੰਡਿਆ ਨਹੀਂ ਜਾ ਸਕਦਾ। ਜੋ ਲੋਕ ਇਸ ਤਰ੍ਹਾਂ ਸਮਝਦੇ ਹਨ ਉਹ ਸਭਿਆਚਾਰ ਦਾ ਅਰਥ ਹੀ ਨਹੀਂ ਜਾਣਦੇ ਸਗੋਂ ਉਨ੍ਹਾਂ ਦੇ ਅਜਿਹੇ ਵਿਚਾਰ ਸਭਿਆਚਾਰ ਦੇ ਵਿਕਾਸ ਵਿਚ ਅੜਿਕੇ ਖੜੇ ਕਰਦੇ ਹਨ। ਉਨ੍ਹਾਂ ਸਨਮਾਨ ਪੱਤਰ ਲਈ ਲੋਕ ਕਲਾ ਕੇਂਦਰ ਦਾ ਧੰਨਵਾਦ ਕੀਤਾ।

ਸਾਥੀ ਅਵਤਾਰ ਸਾਦਿਕ ਨੇ 'ਸਨਮਾਨ ਪੱਤਰ' ਲਈ ਲੋਕ ਕਲਾ ਕੇਂਦਰ ਦਾ ਧੰਨਵਾਦ ਕਰਦਿਆਂ ਕਿਹਾ ਕਿ ਲੋਕ ਕਲਾ ਕੇਂਦਰ ਵਲੋਂ ਸਭਿਆਚਾਰਕ ਫਰੰਟ ਉਪਰ ਕੀਤਾ ਜਾ ਰਿਹਾ ਕੰਮ ਸ਼ਲਾਘਾਯੋਗ ਹੈ। ਉਨ੍ਹਾਂ ਕਿਹਾ ਕਿ ਸਰਮਾਏਦਾਰੀ ਪ੍ਰਬੰਧ ਦੇ ਸੰਕਟ ਦੇ ਸਮੇਂ ਹਾਕਮ ਜਮਾਤਾਂ ਮਿਹਨਤੀ ਲੋਕਾਂ ਨੂੰ ਬੋਲੀ, ਰੰਗ, ਨਸਲ ਦੇ ਆਧਾਰ ਉਪਰ ਆਪਸ ਵਿਚ ਲੜਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਮਿਹਨਤੀ ਲੋਕਾਂ ਦੀ ਏਕਤਾ ਬੜੀ ਜ਼ਰੂਰੀ ਹੈ ਜੋ ਹੱਕਾਂ ਲਈ ਘੋਲ ਕਰਦਿਆਂ ਹੀ ਉਸਾਰੀ ਜਾ ਸਕਦੀ ਹੈ। ਉਨ੍ਹਾਂ ਇੰਗਲੈਂਡ ਵਿਚ ਭਾਰਤੀ ਲੋਕਾਂ ਨੂੰ ਪੇਸ਼ ਆ ਰਹੀਆਂ ਸਭਿਆਚਾਰਕ, ਆਰਥਿਕ ਅਤੇ ਸਮਾਜਕ ਮੁਸ਼ਕਲਾਂ ਦਾ ਵੀ ਜ਼ਿਕਰ ਕੀਤਾ।

ਇਸ ਸਮਾਗਮ ਦਾ ਦੂਜਾ ਵਿਸ਼ੇਸ਼ ਹਿਸਾ ਸੀ, ਲੋਕ ਕਲਾ ਕੇਂਦਰ ਦੇ ਬੱਚਿਆਂ ਦੀ ਭੰਗੜੇ ਅਤੇ ਗਿੱਧੇ ਦੀਆਂ ਟੀਮਾਂ ਦੇ ਬਾਲ-ਕਲਾਕਾਰਾਂ ਨੂੰ ਇਨਾਮ ਦੇਣ ਦਾ। ਸਾਥੀ ਅਵਤਾਰ 'ਸਾਦਿਕ' ਨੇ ਬੱਚਿਆਂ ਨੂੰ ਇਨਾਮ ਦੇਣ ਦੀ ਰਸਮ ਅਦਾ ਕੀਤੀ, ਇਸ ਤਰ੍ਹਾਂ ਬੱਚਿਆਂ ਨੂੰ ਉਤਸ਼ਾਹਤ ਕੀਤਾ ਗਿਆ ਤਾਂ ਜੋ ਅਗੋਂ ਤੋਂ ਵੱਧ ਚੜ੍ਹ ਕੇ ਪਰੋਗਰਾਮ ਵਿਚ ਹਿਸਾ ਲੈਣ ਅਤੇ ਕਲਾ ਨਾਚਾਂ ਨੂੰ ਸਿਖਣ।

ਸਮਾਗਮ ਵਿਚ ਸਾਥੀ ਹਰਕੇਵਲ ਸਿੰਘ ਕੇਵਲ ਨੇ ਅਤੇ ਸਾਥੀ ਅਵਤਾਰ ਸਾਦਿਕ ਨੇ ਆਪਣੀਆਂ ਗ਼ਜ਼ਲਾਂ ਅਤੇ ਕਵਿਤਾਵਾਂ ਸੁਣਾ ਕੇ ਰੰਗ ਬੰਨ੍ਹਿਆ। ਵੈਨਕੂਵਰ ਦੇ ਨੌਜਵਾਨ ਕਲਾਕਾਰਾਂ ਦੇ 'ਦੋਸਤਾਨਾ' ਗਰੁੱਪ ਨੇ ਗੀਤ ਪੇਸ਼ ਕੀਤੇ। ਸ੍ਰੀ ਕਰਮਜੀਤ ਗਰੇਵਾਲ ਅਤੇ ਗੁਰਦੇਵ ਸਿੰਘ ਮਸਤਾਨਾ ਨੇ ਗੀਤ, ਰੁਬਾਈਆਂ ਅਤੇ ਲਤੀਫੇ ਸੁਣਾਏ। ਇਕਬਾਲ 'ਸੂਮਲ' ਨੇ ਸਲੀਮ ਜਹਾਂਗੀਰ ਦੀ ਗ਼ਜ਼ਲ ਅਤੇ ਦਰਸ਼ਨ ਸਿੰਘ ਮਾਸਟਰ ਦਾ ਗੀਤ ਸੁਣਾਇਆ। ਸੁਰਿੰਦਰ ਸਿੰਘ ਬੈਂਸ ਨੇ ਸੁਰੀਲੀ ਆਵਾਜ਼ ਵਿਚ ਗੀਤ ਸੁਣਾ ਕੇ ਸਰੋਤਿਆਂ ਨੂੰ ਨਿਹਾਲ ਕੀਤਾ।

ਹਾਲ ਦੇ ਇਕ ਪਾਸੇ ਈਸਟ ਇੰਡੀਅਨ ਵਰਕਰਜ਼ ਐਸੋ: ਵਲੋਂ ਸਾਥੀ ਬਲਬੀਰ ਸਿੰਘ ਜੌਹਲ ਨੇ ਪੁਸਤਕ ਟੇਬਲ ਸਜਾਇਆ ਹੋਇਆ ਸੀ, ਜਿਸ ਉਪਰ ਭਾਰਤੀ ਕਿਸਾਨ ਲਹਿਰ ਦੇ ਘੋਲਾਂ, ਭਾਰਤੀ ਰਾਜਨੀਤੀ ਨਾਲ ਸੰਬੰਧਿਤ ਪੁਸਤਕਾਂ ਅਤੇ ਮਾਸਕ ਲੋਕਤਾ ਤੇ ਹਫਤਾਵਾਰ ਕੈਨੇਡਾ ਦਰਪਣ ਰੱਖੇ ਹੋਏ ਸਨ।

ਅੰਤ ਵਿਚ ਲੋਕ ਕਲਾ ਕੇਂਦਰ ਵਲੋਂ ਆਏ ਮਹਿਮਾਨਾਂ, ਕਲਾਕਾਰਾਂ ਅਤੇ ਆਏ ਦਰਸ਼ਕਾਂ ਦਾ ਸਾਦੇ ਸੁਆਦੀ ਪ੍ਰੀਤੀ ਭੋਜਨ ਨਾਲ ਨਿਵਾਜਿਆ ਗਿਆ।

ਲੋਕ ਕਲਾ ਕੇਂਦਰ ਵੈਨਕੂਵਰ ਵਲੋਂ ਅਜਿਹਾ ਸਮਾਗਮ ਇਸ ਦੇ ਇਤਿਹਾਸ ਵਿਚ ਸ਼ਾਨਦਾਰ ਯਾਦ ਵਜੋਂ ਯਾਦ ਰਹੇਗਾ।

– 'ਸੂਫੀ' ਅਮਰਜੀਤ



ਸ੍ਰੀ ਮਹਿੰਦਰ ਸੂਮਲ, ਅਵਤਾਰ ਸਿੰਘ ਸਾਦਿਕ ਨੂੰ ਸਨਮਾਨਤ ਕਰਦੇ ਸਮੇਂ




ਕਰਮਜੀਤ ਗਰੇਵਾਲ 'ਇਕ ਸਾਹ ਸਜਣਾਂ ਦਾ.....' ਗੀਤ ਪੇਸ਼ ਕਰਦੇ ਹੋਏ



ਹਰਕੇਵਲ ਸਿੰਘ ਸਨਮਾਨ ਪ੍ਰਾਪਤ ਕਰਦੇ ਹੋਏ




ਗੁਰਦੇਵ ਸਿੰਘ ਮਸਤਾਨਾ ਗੀਤ ਪੇਸ਼ ਕਰਦੇ ਹੋਏ

# ਅਕਾਲੀ ਨੇਤਾਵਾਂ ਵਿਚ ਏਕਤਾ ਬਹੁਤ ਜ਼ਰੂਰੀ — ਸਿੰਘ ਸਾਹਿਬਾਨ

ਅੰਮ੍ਰਿਤਸਰ — ਤਿੰਨ ਸਿੰਘ ਸਾਹਿਬਾਨ ਨੇ ਅਕਾਲੀ ਨੇਤਾਵਾਂ ਨੂੰ ਅਪੀਲ ਕੀਤੀ ਹੈ ਕਿ ਪੰਜਾਬ ਦੇ ਭਲੇ ਲਈ ਉਹ ਸਾਰੇ ਮਤਭੇਦ ਭੁਲਾ ਦੇਣ ਅਤੇ ਇਸ ਸੰਕਟ ਸਮੇਂ ਮਿਲ ਕੇ ਚਲਣ। ਸਿੰਘ ਸਾਹਿਬਾਨ ਨੇ ਕਿਹਾ ਹੈ ਕਿ ਜੋਧਪੁਰ ਜੇਲ੍ਹ ਵਿਚ ਬੰਦ ਨੌਜਵਾਨਾਂ ਦੀ ਰਿਹਾਈ, 1984 ਵਿਚ ਬੈਰਕਾਂ ਛੱਡਣ ਵਾਲੇ ਸਿੱਖ ਸੈਨਿਕਾਂ ਦੀ ਬਹਾਲੀ ਅਤੇ ਪੰਜਾਬ ਸਮਝੌਤਾ ਲਾਗੂ ਕਰਾਉਣ ਲਈ ਅਕਾਲੀ ਨੇਤਾਵਾਂ ਵਿਚ ਏਕਤਾ ਹੋਣੀ ਜ਼ਰੂਰੀ ਹੈ। ਇਸ ਅਪੀਲ ਉਤੇ ਦਸਤਖਤ ਕਰਨ ਵਾਲਿਆਂ ਵਿਚ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਕਿਰਪਾਲ ਸਿੰਘ ਤੇ ਮੁਖ ਗਰੰਥੀ ਜਥੇਦਾਰ ਪ੍ਰੀਤਮ ਸਿੰਘ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਮੁਖ ਗਰੰਥੀ ਗਿਆਨੀ ਸਾਹਿਬ ਸਿੰਘ ਸ਼ਾਮਲ ਹਨ। ਉਨ੍ਹਾਂ ਨੇ ਸਿੱਖ ਜਥੇਬੰਦੀਆਂ, ਨੌਜਵਾਨਾਂ, ਸੰਤ ਸਮਾਜ ਅਤੇ ਬੁੱਧੀਜੀਵੀਆਂ ਨੂੰ ਕਿਹਾ ਹੈ ਕਿ ਉਹ ਸਿੱਖਾਂ ਵਿਚਕਾਰ ਪੈਦਾ ਹੋਏ ਮਤਭੇਦਾਂ ਨੂੰ ਦੂਰ ਕਰਨ ਵਿਚ ਮਦਦ ਦੇਣ। ਉਨ੍ਹਾਂ ਕਿਹਾ ਕਿ ਸਭ ਧਰਮ ਅਸਥਾਨਾਂ ਦੀ ਬੇਅਦਬੀ ਰੋਕਣੀ ਸਾਰੇ ਸਿੱਖਾਂ ਦਾ ਫਰਜ਼ ਹੈ ਅਤੇ ਕੋਈ ਵੀ ਅਜਿਹੀ ਕਾਰਵਾਈ ਨਹੀਂ ਕੀਤੀ ਜਾਣੀ ਚਾਹੀਦੀ ਜਿਸ ਨਾਲ ਕਿ ਸਰਕਾਰ ਨੂੰ ਧਾਰਮਿਕ ਅਸਥਾਨਾਂ ਵਿਚ ਪੁਲਸ ਭੇਜਣ ਦਾ ਮੌਕਾ ਮਿਲੇ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ 30 ਅਪਰੈਲ ਨੂੰ ਦਰਬਾਰ ਸਾਹਿਬ ਵਿਚ ਪੁਲੀਸ ਕਾਰਵਾਈ ਦੀ ਹਮਾਇਤ ਨਹੀਂ ਕੀਤੀ ਪਰ ਰੇਡੀਓ, ਟੈਲੀਵੀਜ਼ਨ ਅਤੇ ਅਖਬਾਰਾਂ ਨੇ ਉਨ੍ਹਾਂ ਦੇ ਬਿਆਨਾਂ ਨੂੰ ਤੋੜ ਮਰੋੜ ਕੇ ਦਿਤਾ। ਉਨ੍ਹਾਂ ਨੇ ਦਰਬਾਰ ਸਾਹਿਬ ਵਿਚ ਪੁਲੀਸ ਦਾਖਲੇ ਨੂੰ ਮੰਦਭਾਗਾ ਕਰਾਰ ਦਿਤਾ।

JOBS JOBS JOBS JOBS JOBS

# OPPORTUNITY

$ $ $ $ $ $ $ $ $ $ $ $

EARN

**$400 - $1200/month**

**PART TIME**

**$3000 - $8000/month**

**FULL TIME**

ਮੌਕੇ ਦਾ ਫਾਇਦਾ ਉਠਾਓ !
ਕਮਾਓ

400 ਡਾਲਰ — 1200 ਡਾਲਰ ਪ੍ਰਤੀ ਮਹੀਨਾ (ਪਾਰਟ ਟਾਈਮ ਕੰਮ ਕਰਕੇ)
3000 ਡਾਲਰ — 8000 ਡਾਲਰ ਪ੍ਰਤੀ ਮਹੀਨਾ (ਪੂਰਾ ਸਮਾਂ ਕੰਮ ਕਰਕੇ)

ਤੁਸੀਂ ਪੰਜਾਬੀ, ਅੰਗਰੇਜ਼ੀ, ਹਿੰਦੀ ਜਾਂ ਗੁਜਰਾਤੀ ਇਕ ਬੋਲੀ ਵੀ ਜਾਣਦੇ ਹੋ ਤਾਂ ਫੋਨ ਕਰੋ :

ਬਲਜੀਤ
ਸਵੇਰੇ 9.00 ਵਜੇ ਤੋਂ ਸ਼ਾਮ ਦੇ 5.00 ਵਜੇ ਤੱਕ
ਸੋਮਵਾਰ ਤੋਂ ਸ਼ੁਕੱਰਵਾਰ 733-1644 (Bus.)
ਸ਼ਾਮ 6.00 ਵਜੇ ਤੋਂ 9.00 ਵਜੇ ਤੱਕ
438-3462 (Res.)
ਸ਼ਨਿਚਰਵਾਰ, ਐਤਵਾਰ ਜਾਂ ਛੁੱਟੀਆਂ — 1.00 ਵਜੇ ਤੋਂ 5.00 ਵਜੇ ਤੱਕ
438-3462

For more information call :
BALJEET
9.00 a.m. - 5.00 p.m. Mon. - Fri. 733-1644 (Bus.)
6.00 p.m. - 9.00 p.m. at 438-3462 (Res.)
Sat., Sun. & Holidays
1.00 p.m. to 5.00 p.m. at 438-3462

JOBS JOBS JOBS JOBS JOBS

J O B S | J O B S | J O B S | J O B S

J O B S | J O B S | J O B S | J O B S | J O B S



ਸਰੋਤਿਆਂ ਦਾ ਦ੍ਰਿਸ਼




ਸੁਰਿੰਦਰ ਸਿੰਘ ਬੈਂਸ ਗੀਤ ਪੇਸ਼ ਕਰ ਰਹੇ ਹਨ — ਨਾਲ ਹਨ ਗੁਰਦੇਵ ਸਿੰਘ ਮਸਤਾਨਾ



ਅਵਤਾਰ ਸਿੰਘ ਸਾਦਿਕ ਇਨਾਮ ਵੰਡਦੇ ਹੋਏ



ਭੰਗੜੇ ਦੇ ਇਨਾਮ ਪ੍ਰਾਪਤ ਕਰਨ ਵਾਲੇ ਬੱਚੇ


# AIR-INDIA ANNOUNCES TWO WAYS TO FLY AIR-INDIA TO INDIA. AND LOTS OF REASONS WHY.

From Canada, it's simple to fly your airline to India.

**1.** Fly to New York and connect with Air-India for our 8:15 nightly departure for Delhi or Bombay.

**2.** Fly to London and pick up Air-India there.

You'll want to fly Air-India to India because no other airline treats you with such understanding. Because no other airline provides you with both continental and authentic Indian food, the latest Indian and western movies and music. Because no other airline is, after all, Indian.

So fly Air-India from Canada to India connecting in either New York or London. See your travel agent or contact our GSA Chalais Holdings and make your reservations now.




एअर-इंडिया
AIR-INDIA
WE'RE YOUR AIRLINE

Montreal: 842-1805 / 1-800-361-2813
Toronto: 865-1033 / 1-800-268-9582
Vancouver: 879-0271 / 1-800 663-3433

# "ਇੰਡੀਆ ਨੀਊਜ਼" ਕਦੋਂ ਠੀਕ ਰਾਹ ਤੇ ਆਵੇਗਾ



'ਸੂਫੀ' ਅਮਰਜੀਤ

ਭਾਰਤੀ ਹਾਈ ਕਮਿਸ਼ਨਰ ਵਲੋਂ ਕੱਢੇ ਜਾ ਰਹੇ ਨੀਊਜ਼ ਲੈਟਰ "ਇੰਡੀਆ ਨੀਊਜ਼" ਦੇ ਸੂਚਨਾ ਨੁਮਾ ਖਬਰਾਂ ਦੇ ਸੰਬੰਧ ਵਿਚ ਮੈਂ ਪਹਿਲਾਂ ਹਾਈ ਕਮਿਸ਼ਨ ਦਾ ਇਸ ਪਾਸੇ ਧਿਆਨ ਦੁਆਇਆ ਸੀ ਕਿ ਨੀਊਜ਼ ਲੈਟਰ ਇਸ ਤਰ੍ਹਾਂ ਛਾਪਿਆ ਜਾ ਰਿਹਾ ਹੈ ਜਿਵੇਂ ਹਾਕਮ ਪਾਰਟੀ ਦਾ ਹੀ ਪਰਚਾਰ ਕਰਨਾ ਹੋਵੇ ਜਾਂ ਉਸ ਦੀਆਂ ਨੀਤੀਆਂ ਦੀਆਂ ਪੂਰਕ ਖਬਰਾਂ ਦੇਣੀਆਂ ਹੋਣ। ਪਰ ਉਹ ਜੋ ਸੂਚਨਾਵਾਂ ਸਾਨੂੰ ਇਸ "ਇੰਡੀਆ ਨੀਊਜ਼" ਦੇ ਰਾਹੀਂ ਦੇ ਰਿਹਾ ਹੈ ਉਸਨੂੰ ਇਕ 'ਹਾਕਮ ਪਾਰਟੀ' ਦੇ ਨੁਮਾਇੰਦੇ ਵਜੋਂ ਸੂਚਨਾ ਦੇਣ ਦੀ ਥਾਂ "ਭਾਰਤ ਦੇ ਇਕ ਨੁਮਾਇੰਦੇ" ਦੇ ਤੌਰ ਉਤੇ ਇਸ "ਇੰਡੀਆ ਨੀਊਜ਼" ਵਿਚ ਖਬਰਾਂ - ਸੂਚਨਾਵਾਂ ਦੇਣੀਆਂ ਬਣਦੀਆਂ ਹਨ।

ਹੁਣ ਜੋ 2 ਮਈ 1986 ਦਾ "ਇੰਡੀਆ ਨੀਊਜ਼" ਆਇਆ ਹੈ, ਉਸ ਵਿਚ ਪੰਜਾਬ ਦੇ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਵਲੋਂ ਦੇਸ਼ ਵਿਰੋਧੀ ਵਖਵਾਦੀ ਤੱਤਾਂ ਨੂੰ ਹਰਿਮੰਦਰ ਸਾਹਿਬ ਵਿਚੋਂ ਬਾਹਰ ਕੱਢਣ ਦੀ ਖਬਰ ਹੀ ਛੇ ਸਫਿਆਂ ਵਿਚ ਦਿਤੀ ਹੈ। ਜਿਥੇ ਮੁਖ ਮੰਤਰੀ ਨੇ ਇਹ ਸਖਤ ਕਦਮ ਆਪਣੇ ਦੇਸ਼ ਪ੍ਰਤੀ ਜ਼ਿੰਮੇਵਾਰੀਆਂ ਨੂੰ ਸਮਝਦਿਆਂ ਚੁੱਕਿਆਂ ਉਥੇ ਉਸਨੇ ਇਹ ਕਦਮ ਆਨੰਦਪੁਰ ਸਾਹਿਬ ਵਿਚ ਹੋਏ ਸਰਬੱਤ ਖਾਲਸਾ ਦੇ ਹੁਕਮਾਂ ਦੀ ਵੀ ਪਾਲਣਾ ਕੀਤੀ ਹੈ।

ਸਾਡਾ ਧਰਮ ਨਿਰਪੱਖ ਵਿਚਾਰਾਂ ਦੇ ਲੋਕਾਂ ਅਤੇ ਪਾਰਟੀਆਂ ਦੀ ਇਹ ਦ੍ਰਿੜ੍ਹ ਰਾਏ ਹੈ ਕਿ ਕਦੇ ਧਰਮ ਅਤੇ ਰਾਜਨੀਤੀ ਇਕੱਠੇ ਨਹੀਂ ਹੋ ਸਕਦੇ। ਇਸ ਮਸਲੇ ਦੇ ਸਬੰਧ ਵਿਚ ਵਧੇਰੇ ਵਿਸਥਾਰ ਵਿਚ ਜਾਣ ਦੀ ਤਾਂ ਏਥੇ ਲੋੜ ਨਹੀਂ ਹੈ। ਪ੍ਰੰਤੂ ਅਕਾਲੀ ਪਾਰਟੀ ਅਤੇ ਵੱਖਵਾਦੀ-ਅਤਿਵਾਦੀ ਤੱਤਾਂ ਜਿਨ੍ਹਾਂ ਹਰਿਮੰਦਰ ਸਾਹਿਬ ਉਪਰ ਕਬਜ਼ਾ ਕੀਤਾ ਹੋਇਆ ਸੀ, ਨੂੰ ਬਾਹਰ ਕੱਢਣਾ ਅਤੇ ਉਨ੍ਹਾਂ ਦਾ ਕਬਜ਼ਾ, ਉਨ੍ਹਾਂ ਦੀ ਧਾਰਨਾ ਕਿ ਧਰਮ ਤੇ ਰਾਜਨੀਤੀ ਇਕੱਠੇ ਹੋਣ ਦਾ ਹੀ ਸਿੱਟਾ ਹੈ।

ਜੋ ਧਰਮ ਤੇ ਰਾਜਨੀਤੀ ਇਕੱਠੇ ਕਹਿ ਕੇ ਅਤਿਵਾਦੀ-ਵੱਖਵਾਦੀ ਹਰਿਮੰਦਰ ਸਾਹਿਬ ਉਪਰ ਕਾਬਜ਼ ਹੋਏ ਸਨ, ਜੋ ਧਰਮ ਅਸਥਾਨ ਵਿਚ ਰਾਜਨੀਤੀ ਪਰਚਾਰਦੇ ਅਤੇ ਰਾਜਨੀਤੀ ਤੋਂ ਵੀ ਅਗੇ ਵਿਦਰੋਹ ਦੀਆਂ ਗੱਲਾਂ ਕਰਕੇ ਸਾਮਰਾਜੀਆਂ ਦੀ ਪੂਰੀ ਚੁੱਕ ਉਪਰ ਡੰਕੇ ਵੀ ਵਜਾ ਰਹੇ ਸਨ। ਸੋ ਇਹ ਕੁਦਰਤੀ ਸੀ ਕਿ ਧਰਮ ਅਤੇ ਰਾਜਨੀਤੀ ਨੂੰ ਇਕੱਠੇ ਰਹਿਣ ਵਾਲੀ ਅਕਾਲੀ ਸਰਕਾਰ ਹਰਿਮੰਦਰ ਸਾਹਿਬ ਵਿਚ ਜਾ ਕੇ ਵਿਰੋਧੀ ਰਾਜਨੀਤੀ ਨੂੰ ਭਾਂਜ ਦਿੰਦੀ। ਇਹ ਤਾਂ ਅਤਿਵਾਦੀ-ਵਖਵਾਦੀ ਹੀ ਸਨ ਜਿਨ੍ਹਾਂ ਅਜਿਹਾ ਰਾਹ ਫੜ ਕੇ ਬਰਨਾਲਾ ਸਰਕਾਰ ਨੂੰ ਇਸ ਰਾਹ ਤੁਰਨ ਤੇ ਮਜ਼ਬੂਰ ਕੀਤਾ।

ਧਰਮ ਅਸਥਾਨਾਂ ਨੂੰ ਕੇਵਲ ਧਰਮ ਅਸਥਾਨਾਂ ਤੱਕ ਹੀ ਸੀਮਤ ਰਹਿਣਾ ਚਾਹੀਦਾ ਹੈ, ਰਾਜਨੀਤੀ ਲਈ ਬਾਹਰ ਸਾਰਾ ਦੇਸ਼ ਪਿਆ ਹੈ।

ਨੀਊਜ਼ ਲੈਟਰ ਮੁਖ ਮੰਤਰੀ ਸੁਰਜੀਤ ਸਿੰਘ ਬਰਨਾਲਾ ਦੇ ਵਿਚਾਰ ਵੀ ਦਸਦਾ ਹੈ, ਹੋਰਨਾਂ ਪਰਮੁਖ ਸਿੱਖ ਜਥੇਬੰਦੀਆਂ ਦੇ ਲੀਡਰਾਂ ਵਲੋਂ ਮੁਖ ਮੰਤਰੀ ਦੇ ਕਦਮ ਦੀ ਪਰੋੜਤਾ ਦੀ ਖਬਰ ਵੀ ਦਿੰਦਾ ਹੈ। ਕੇਸਗੜ੍ਹ ਸਾਹਿਬ ਦੇ ਜਥੇਦਾਰ ਹਰਚਰਨ ਸਿੰਘ ਮੁਹਾਲੋਂ ਵਲੋਂ ਦਿਤਾ ਬਿਆਨ ਸਾਰ ਰੂਪ ਵਿਚ ਦਿਤਾ ਹੈ ਕਿ ਮੁਖ ਮੰਤਰੀ ਆਨੰਦਪੁਰ ਸਾਹਿਬ ਵਿਚ ਹੋਏ ਸਰਬੱਤ ਖਾਲਸਾ ਦੇ ਹੁਕਮਾਂ ਦੀ ਪਾਲਣਾ ਕਰਕੇ ਸਿੱਖ ਸੰਗਤਾਂ ਦੇ ਧੰਨਵਾਦ ਦਾ ਪਾਤਰ ਬਣੇ ਹਨ। ਆਲ ਇੰਡੀਆ ਸਿੱਖ ਫੋਰਮ ਨੇ ਮੁੱਖ ਮੰਤਰੀ ਨੂੰ ਮੁਬਾਰਕ ਦਿਤੀ। ਭਾਰਤੀ ਜਨਤਾ ਪਾਰਟੀ ਦੇ ਜਨਰਲ ਸਕੱਤਰ ਸ੍ਰੀ ਅਡਵਾਨੀ ਨੇ ਐਕਸ਼ਨ ਨੂੰ ਜੀ ਆਇਆਂ ਕਿਹਾ। ਕਰਨਾਟਕ ਦੇ ਮੁਖ ਮੰਤਰੀ ਨੇ ਅਤਿਵਾਦੀਆਂ ਨੂੰ ਹਰਿਮੰਦਰ ਸਾਹਿਬ ਵਿਚੋਂ ਕੱਢਣ ਲਈ ਚੁਕੇ ਕਦਮ ਨੂੰ ਜੀ ਆਇਆਂ ਕਿਹਾ। ਗੁਜਰਾਤ ਦੇ ਮੁਖ ਮੰਤਰੀ ਅਮਰ ਸਿੰਘ ਚੌਧਰ ਨੇ ਵੀ ਜੀ ਆਇਆਂ ਕਿਹਾ। ਇੰਦਰਾ ਕਾਂਗਰਸ ਦੇ ਮੀਤ ਪ੍ਰਧਾਨ ਤੇ ਸਾਬਕਾ ਗਵਰਨਰ ਪੰਜਾਬ ਅਰਜਨ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਦਲੇਰ ਕਦਮ ਚੁੱਕ ਕੇ ਸਫਲਤਾ ਪ੍ਰਾਪਤ ਕੀਤੀ। ਜੰਮੂ-ਕਸ਼ਮੀਰ ਦੇ ਸਾਬਕਾ ਮੁਖ ਮੰਤਰੀ ਡਾ: ਫਾਰੂਕ ਅਬਦੁੱਲਾ ਨੇ ਕਿਹਾ ਕਿ ਇਹ ਐਕਸ਼ਨ ਪੰਜਾਬ ਵਿਚ ਅਮਨ-ਸ਼ਾਂਤੀ ਲਿਆਵੇਗਾ।

ਅਕਾਲੀ ਦਲ ਦੇ ਪੱਛਮੀ ਬੰਗਾਲ ਯੂਨਿਟ ਨੇ ਅਤੇ ਹੋਰਨਾਂ ਸਿੱਖ ਜਥੇਬੰਦੀਆਂ ਨੇ ਪੰਜਾਬ ਸਰਕਾਰ ਦੇ ਕਦਮ ਨੂੰ ਜੀ ਆਇਆਂ ਕਹਿੰਦਿਆਂ ਕਿਹਾ ਕਿ ਮੁੱਠੀ ਭਰ ਲੋਕ ਗੁੰਮਰਾਹ ਹੋਏ ਲੋਕਾਂ ਬਦੇਸ਼ੀ ਤਾਕਤਾਂ ਦੀ ਸ਼ਹਿਰ ਉਤੇ ਵੱਖਵਾਦੀ ਸਰਗਰਮੀਆਂ ਆਪਣੇ ਘਿਨਾਉਣੇ ਮੰਤਵਾਂ ਦੀ ਪੂਰਤੀ ਲਈ ਕਰ ਰਹੇ ਹਨ। ਇਸਤਰੀਆਂ ਦੀ ਕੌਮੀ ਫੈਡਰੇਸ਼ਨ ਦੀ ਪ੍ਰਧਾਨ ਸ੍ਰੀਮਤੀ ਅਰੁਨਾ ਆਸਫ ਅਲੀ ਨੇ ਪੰਜਾਬ ਸਰਕਾਰ ਦੇ ਕਦਮ ਨੂੰ ਦਰੁਸਤ ਕਰਾਰ ਦਿਤਾ।

ਇਸ ਤੋਂ ਅੱਗੇ ਨੀਊਜ਼ ਲੈਟਰ ਪ੍ਰਧਾਨ ਮੰਤਰੀ ਵਲੋਂ, ਪੰਜਾਬ ਦੇ ਮੁਖ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ ਦੇ ਅਤਿਵਾਦੀਆਂ ਨੂੰ ਹਰਿਮੰਦਰ ਸਾਹਿਬ ਵਿਚੋਂ ਬਾਹਰ ਕੱਢ ਮਾਰਨ ਉਪਰ ਮੁਬਾਰਕ ਦੀ ਖਬਰ ਦਿੰਦਾ ਹੈ। ਲੋਕ ਸਭਾ ਅਤੇ ਰਾਜ ਸਭਾ ਵਲੋਂ ਸਾਰੇ ਪਾਸਿਆਂ ਦੇ ਮੈਂਬਰਾਂ ਵਲੋਂ ਬਰਨਾਲਾ ਸਰਕਾਰ ਨੂੰ ਮੁਬਾਰਕ ਦੀ ਖਬਰ ਦਿੰਦਾ ਹੈ।

ਕਾਂਗਰਸ (ਸ) ਦੇ ਪ੍ਰਧਾਨ ਸ਼ਾਰਦ ਪਾਵਰ ਵਲੋਂ ਬਰਨਾਲਾ ਦੇ ਦਲੇਰ ਕਦਮ ਦੀ ਪ੍ਰਸੰਸਾ ਦੀ ਖਬਰ ਛਾਪ ਕੇ ਮੁਖ ਮੰਤਰੀ ਨਾਲ ਛੇ ਕੈਬਨਿਟ ਮੰਤਰੀਆਂ ਵਲੋਂ ਹਰਿਮੰਦਰ ਸਾਹਿਬ, ਓਸੇ ਸ਼ਾਮ ਜਾਣ ਦੀ ਖਬਰ ਦਿੰਦਾ ਹੈ।

ਫਿਰ ਸਰਕਾਰ ਵਲੋਂ ਦਲ ਖਾਲਸਾ ਅਤੇ ਨੈਸ਼ਨਲ ਕੌਂਸਲ ਆਫ ਖਾਲਿਸਤਾਨ ਉਪਰ ਹੋਰ ਦੋ ਸਾਲ ਪਾਬੰਦੀ ਵਧਾਉਣ ਦੀ ਖਬਰ ਹੈ।

ਅੰਤ ਵਿਚ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਲੋਂ "ਬੰਦ" ਦੇ ਸੱਦੇ ਦੇ ਠੁਸ ਹੋ ਜਾਣ ਅਤੇ ਵਿਦਿਆਰਥੀਆਂ ਵਲੋਂ ਇਮਤਿਹਾਨਾਂ ਦੇ ਬਾਈਕਾਟ ਦੇ ਸੱਦੇ ਦੀ ਪ੍ਰਵਾਹ ਨਾ ਕਰਦਿਆਂ 240,000 ਵਿਦਿਆਰਥੀਆਂ ਦੇ ਇਮਤਿਹਾਨਾਂ ਵਿਚ ਬੈਠਣ ਦੀ ਖਬਰ ਹੈ।

ਕੀ ਅੱਜ ਦੀ ਭਾਰਤੀ ਰਾਜਨੀਤੀ ਵਿਚ ਹਾਕਮ ਕਾਂਗਰਸ ਪਾਰਟੀ ਤੋਂ ਮਗਰੋਂ ਦੂਜੀ ਵੱਡੀ ਪਾਰਟੀ ਕਮਿਊਨਿਸਟ ਪਾਰਟੀ ਆਫ ਇੰਡੀਆ (ਮਾਰਕਸਵਾਦੀ) ਪੰਜਾਬ ਦੀ ਇਸ ਵਾਪਰੀ ਮੁਖ ਘਟਨਾ ਬਾਰੇ ਚੁੱਪ ਰਹੀ? ਜਾਂ ਮਾਰਕਸੀ ਪਾਰਟੀ ਦੇ ਵਿਚਾਰਾਂ ਨੂੰ ਜਾਂ ਬਿਆਨਾਂ ਨੂੰ "ਇੰਡੀਆ ਨੀਊਜ਼" ਦਾ ਲੇਖਕ ਜਾਣ ਬੁਝ ਕੇ ਦੇਣਾ ਨਹੀਂ ਚਾਹੁੰਦਾ? ਕੀ ਮਾਰਕਸੀ ਪਾਰਟੀ ਦੀ ਅਗਵਾਈ ਵਾਲੀਆਂ ਦੋ ਰਾਜ ਸਰਕਾਰਾਂ ਪੱਛਮੀ ਬੰਗਾਲ ਅਤੇ ਤ੍ਰਿਪੁਰਾ ਦੇ ਮੁਖ ਮੰਤਰੀਆਂ ਇਸ ਬਾਰੇ ਕੁਝ ਨਹੀਂ ਕਿਹਾ ਹੋਵੇਗਾ? ਪੰਜਾਬ ਦੀ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਦੀ ਸੂਬਾ ਕਮੇਟੀ ਨੇ ਕੁਝ ਨਹੀਂ ਕਿਹਾ ਹੋਵੇਗਾ?

ਨਹੀਂ, ਅਸਲੀਅਤ ਇਹ ਹੈ ਕਿ ਐਕਸ਼ਨ ਤੋਂ ਮਗਰੋਂ ਹੀ ਨਹੀਂ ਸਗੋਂ ਅਤਿਵਾਦੀ-ਵਖਵਾਦੀ ਤੱਤਾਂ ਦੇ ਦੇਸ਼ ਵਿਰੋਧੀ ਅਖੌਤੀ ਖਾਲਿਸਤਾਨੀ ਦੀ ਕਾਇਮੀ ਦੇ ਬਿਆਨ ਦੇਣ ਦੇ ਝੱਟ ਮਗਰੋਂ ਹੀ ਮਾਰਕਸੀ ਪਾਰਟੀ ਦੀ ਪੋਲਿਟ ਬੀਊਰੋ ਨੇ ਇਸ ਦੀ ਸਖਤ ਨਿਖੇਧੀ ਕੀਤੀ ਅਤੇ ਕਿਹਾ ਅਕਾਲੀ ਲੀਡਰਸ਼ਿਪ ਵੰਗਾਰ ਅਗੇ ਦ੍ਰਿੜ੍ਹਤਾ ਨਾਲ ਖਲੋਣ ਦੀ ਥਾਵੇਂ, ਅਤਿਵਾਦੀਆਂ ਦੇ ਵਾਰਾਂ ਅਗੇ ਪੈਰੋ ਪੈਰ ਪਿਛੇ ਹਟਦੇ ਗਏ। ਪ੍ਰੰਤੂ ਪੋਲਿਟ ਬਿਊਰੋ ਨੇ ਖਾਲਿਸਤਾਨੀਆਂ ਦੇ ਦੇਸ਼ ਧਰੋਹੀ ਵਾਲੇ ਬਿਆਨ ਨੂੰ ਦ੍ਰਿੜ੍ਹਤਾ ਨਾਲ ਭੰਡਦਿਆਂ 'ਦੇਸ਼ ਦੀ ਏਕਤਾ ਅਤੇ ਆਜ਼ਾਦੀ ਦੀ ਰਾਖੀ ਕਰਨ ਦੇ ਪ੍ਰਣ ਦੀ ਪ੍ਰਸੰਸਾ ਵੀ ਕੀਤੀ। ਏਸੇ ਬਿਆਨ ਵਿਚ ਸਾਮਰਾਜੀਆਂ ਵਲੋਂ ਦੇਸ਼ ਦੇ ਟੁਕੜੇ ਕਰਨ ਦੀ ਸਾਜ਼ਸ਼ ਦੀ ਬੇਨਕਾਬ ਨੀਤੀ ਅਤੇ ਕੇਂਦਰ ਸਰਕਾਰ ਦੀ ਇਸ ਗਲੋਂ ਅਲੋਚਨਾ ਕੀਤੀ ਕਿ ਉਹ ਹੁਣ ਤੱਕ ਪੰਜਾਬ ਦੀ ਸਮੱਸਿਆ ਨੂੰ ਅਮਨ-ਕਾਨੂੰਨ ਦੀ ਸਮੱਸਿਆ ਸਮਝਦੀ ਰਹੀ ਹੈ। ਏਥੋਂ ਤੱਕ ਕਿ ਪੰਜਾਬ ਅਕਾਰਡ ਤੋਂ ਮਗਰੋਂ ਤੱਕ ਜਿਸ ਦੀ ਸਾਰੀਆਂ ਰਾਜਨੀਤਕ ਪਾਰਟੀਆਂ ਪ੍ਰਸੰਸਾ ਕੀਤੀ। ਪੋਲਿਟ ਬਿਊਰੋ ਦੇ ਬਿਆਨ ਵਿਚ ਹਰਿਆਣੇ ਦੇ ਚੀਫ ਮਨਿਸਟਰ ਨੂੰ ਭੜਕਾਊ ਤੇ ਬਲਦੀ ਉਤੇ ਤੇਲ ਪਾਉਣ ਵਾਲੇ ਤੇ ਅਤਿਵਾਦੀਆਂ ਦੇ ਹੱਥ ਮਜ਼ਬੂਤ ਕਰਨ ਵਾਲੇ ਬਿਆਨਾਂ ਨੂੰ ਦਾਗਣੋਂ ਰੋਕਣ ਉਤੇ ਕੇਂਦਰੀ ਕਾਂਗਰਸ ਲੀਡਰਸ਼ਿਪ ਦੀ ਅਲੋਚਨਾ ਕੀਤੀ ਗਈ ਹੈ। ਸ਼ਾਇਦ ਏਸੇ ਕਾਰਨ "ਇੰਡੀਆ ਨੀਊਜ਼" ਵਿਚ ਇਹ ਬਿਆਨ ਨਹੀਂ ਦਿਤਾ ਗਿਆ। ਪ੍ਰੰਤੂ ਪੋਲਿਟ ਬਿਊਰੋ ਨੇ ਅੰਤ ਵਿਚ ਪੰਜਾਬ ਦੇ ਲੋਕਾਂ ਦੀਆਂ ਦੇਸ਼ ਭਗਤਕ ਰਵਾਇਤਾਂ ਅਤੇ ਅਥਾਹ ਕੁਰਬਾਨੀਆਂ ਦਾ ਚੇਤਾ ਕਰਵਾਇਆ, ਜਲ੍ਹਿਆਂਵਾਲੇ ਬਾਗ ਦੇ ਸ਼ਹੀਦਾਂ, ਗਦਰੀ ਸੂਰਬੀਰਾਂ, ਬਬਰ ਅਕਾਲੀਆਂ, ਸ਼ਹੀਦ ਭਗਤ ਸਿੰਘ ਅਤੇ ਉਸਦੇ ਸਾਥੀਆਂ ਅਤੇ ਮਜ਼ਦੂਰਾਂ - ਕਿਸਾਨਾਂ ਦੀਆਂ ਕੁਰਬਾਨੀਆਂ, ਜਿਨ੍ਹਾਂ ਵੱਖੋ ਵੱਖ ਸਭਿਆਚਾਰਕ ਇਕਾਈਆਂ ਨੂੰ ਇਕ ਹਾਰ ਵਿਚ ਪਰੋਇਆ। ਲੋਕਾਂ ਦੀਆਂ ਦੇਸ਼ ਭਗਤਕ ਭਾਵਨਾਵਾਂ ਨੂੰ ਉਭਾਰਨ ਉਪਰ ਜ਼ੋਰ ਦਿਤਾ ਹੈ। ਫਿਰ ਪਤਾ ਨਹੀਂ ਕਿਉਂ ਹਾਈ ਕਮਿਸ਼ਨ ਦਾ ਨੀਊਜ਼ ਲੈਟਰ ਕਿਉਂ ਇਹ ਸੱਚ ਸਾਡੇ ਇਥੇ ਬੈਠੇ ਭਾਰਤੀ ਲੋਕਾਂ ਤੱਕ ਪਹੁੰਚਾਉਣ ਤੋਂ ਡਰਦਾ ਹੈ। ਇਹ ਨਿਸਚੇ ਹੀ ਹਾਈ ਕਮਿਸ਼ਨ ਦਫਤਰ ਦੀ ਦਿਆਨਤਦਾਰੀ ਨਹੀਂ ਅਤੇ ਨਾ ਹੀ ਸੱਚੀ ਦੇਸ਼ ਭਗਤੀ ਹੈ।

ਇਸ ਦੇ ਨਾਲ ਹੀ ਮਾਰਕਸੀ ਪਾਰਟੀ ਦੇ ਸੂਬਾ ਸਕੱਤਰੇਤ ਦੇ ਮੈਂਬਰ ਗੁਰਚਰਨ ਸਿੰਘ ਰੰਧਾਵਾ ਨੇ ਜੋ ਬਿਆਨ 3 ਮਈ ਨੂੰ ਜਾਰੀ ਕੀਤਾ ਉਸ ਵਿਚ ਅਕਾਲੀ ਦਲ ਚੋਂ ਭੱਜੇ ਲੀਡਰਾਂ ਉਤੇ ਦੋਸ਼ ਲਾਇਆ ਹੈ ਕਿ ਉਹ ਅਤਿਵਾਦੀਆਂ-ਵਖਵਾਦੀਆਂ ਵਿਰੁਧ ਲੋਕਾਂ ਦੀ ਲੜਾਈ ਨੂੰ ਕਮਜ਼ੋਰ ਕਰਨਾ ਚਾਹੁੰਦੇ ਹਨ। ਉਨ੍ਹਾਂ ਕੇਂਦਰ ਸਰਕਾਰ ਉਪਰ ਜ਼ੋਰ ਦਿਤਾ ਕਿ ਉਹ ਬਿਨਾਂ ਦੇਰ ਚੰਡੀਗੜ੍ਹ ਪੰਜਾਬ ਵਿਚ ਸ਼ਾਮਲ ਕਰੇ ਅਤੇ ਪੰਜਾਬੋਂ ਬਾਹਰ ਦੇ ਸਿੱਖਾਂ ਦੀ ਜਾਨ ਮਾਲ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਦੀ ਮੰਗ ਕੀਤੀ। ਉਨ੍ਹਾਂ ਸਾਮਰਾਜੀਆਂ ਦੀ ਦੇਸ਼ ਨੂੰ ਅਸਥਿਰ ਕਰਨ ਦੀ ਸਾਜ਼ਸ਼ ਫੇਲ ਕਰ ਦੇਣ ਲਈ ਲੋਕਾਂ ਨੂੰ ਸੱਦਾ ਦਿੱਤਾ।

ਅਜਿਹੇ ਬਿਆਨਾਂ ਵਿਚ ਕਿਹੜੀ ਅਜਿਹੀ ਗੱਲ ਹੈ ਜਿਸ ਤੋਂ ਹਾਈ ਕਮਿਸ਼ਨ ਸਾਨੂੰ ਪਤਾ ਲੱਗਣ ਤੋਂ ਰੋਕਣਾ ਚਾਹੁੰਦਾ ਹੈ।

ਮੈਂ ਅਤੇ ਹੋਰ ਅਨੇਕਾਂ ਲੋਕ ਅਜਿਹਾ ਮਹਿਸੂਸ ਕਰਦੇ ਹਾਂ ਕਿ "ਇੰਡੀਆ ਨੀਊਜ਼" ਠੀਕ ਰਾਹ ਉਤੇ ਆ ਜਾਵੇ। ਇਸ ਵਿਚ ਦੇਸ਼ ਦੇ ਵਿਸ਼ਾਲ ਲੋਕਾਂ ਦੇ ਹਿਤ ਹਨ ਜੇ ਕਰ ਬਿਨਾਂ ਰਾਜਨੀਤਕ ਵਿਤਕਰੇ ਤੋਂ ਖਬਰਾਂ- ਸੂਚਨਾਵਾਂ ਲੈ ਕੇ "ਇੰਡੀਆ ਨੀਊਜ਼" ਛਾਪਿਆ ਕਰੇ ਤਾਂ ਇਸ ਉਪਰ ਖਰਚੇ ਲੋਕਾਂ ਦੇ ਧੰਨ ਨੂੰ ਯੋਗ ਢੰਗ ਨਾਲ ਖਰਚਿਆ ਜਾਂਦਾ ਦੇਖ ਕੇ ਖੁਸ਼ੀ ਹੋਵੇਗੀ।

ਕੀ ਅਸੀਂ ਆਸ ਰੱਖੀਏ ਕਿ "ਇੰਡੀਆ ਨੀਊਜ਼" ਠੀਕ ਰਾਹ ਤੇ ਆਵੇਗਾ ?

# ਭਾਈ ਗੁਰਦੇਵ ਸਿੰਘ ਦਾ 5 ਜੂਨ ਤੱਕ ਰਿਮਾਂਡ

**ਯੋਗੇਂਦਰ ਗੁਪਤਾ — ਵਿਨੋਦ ਜਿੰਦਲ**

ਲਾਡਵਾ — ਅਕਾਲ ਤਖਤ ਦੇ ਐਕਟਿੰਗ ਜਥੇਦਾਰ ਭਾਈ ਗੁਰਦੇਵ ਸਿੰਘ ਅਤੇ ਸੰਯੁਕਤ ਅਕਾਲੀ ਦਲ ਦੇ ਨੇਤਾ ਸ. ਸੂਰਤ ਸਿੰਘ ਖਾਲਸਾ ਨੂੰ ਹਰਿਆਣਾ ਪੁਲੀਸ ਨੇ ਅੰਮ੍ਰਿਤਸਰ ਤੋਂ ਇਥੇ ਲਿਆਂਦਾ। ਉਨ੍ਹਾਂ ਦਾ 5 ਜੂਨ ਤਕ ਪੁਲੀਸ ਰਿਮਾਂਡ ਲਿਆ ਗਿਆ ਹੈ। ਯਾਦ ਰਹੇ ਕਿ ਭਾਈ ਗੁਰਦੇਵ ਸਿੰਘ ਅਤੇ ਸ. ਸੂਰਤ ਸਿੰਘ ਨੂੰ 30 ਅਪਰੈਲ ਨੂੰ ਦਰਬਾਰ ਸਾਹਿਬ ਵਿਚੋਂ ਪੁਲੀਸ ਕਾਰਵਾਈ ਦੌਰਾਨ ਗ੍ਰਿਫਤਾਰ ਕੀਤਾ ਗਿਆ ਸੀ। ਦੋਵਾਂ ਹਵਾਈ ਜਹਾਜ਼ ਰਾਹੀਂ ਅੰਮ੍ਰਿਤਸਰ ਤੋਂ ਅੰਬਾਲਾ ਲਿਆਂਦਾ ਗਿਆ ਜਿਥੋਂ ਉਨ੍ਹਾਂ ਨੂੰ ਲਾਡਵਾ ਲਿਆਂਦਾ ਗਿਆ। ਐਸ. ਡੀ. ਐਮ. ਥਾਨੇਸਰ ਸ੍ਰੀ ਮੁਹਿੰਦਰ ਕੁਮਾਰ ਨੂੰ ਲਾਡਵਾ ਪੁਲੀਸ ਸਟੇਸ਼ਨ ਲਿਆਂਦਾ ਗਿਆ ਜਿਥੇ ਉਨ੍ਹਾਂ ਨੇ ਦੋਹਾਂ ਦਾ ਪੁਲੀਸ ਰਿਮਾਂਡ ਦਿਤਾ। ਦੋਹਾਂ ਨੂੰ ਦਹਿਸ਼ਤਪਸੰਦ ਕਾਰਵਾਈਆਂ ਰੋਕੂ ਐਕਟ ਅਧੀਨ ਪੁਲੀਸ ਹਿਰਾਸਤ ਵਿਚ ਇਥੇ ਲਿਆਂਦਾ ਗਿਆ। ਉਨ੍ਹਾਂ ਉਤੇ ਹਰਿਆਣਾ ਵਿਚ ਮਹੱਤਵਪੂਰਨ ਵਿਅਕਤੀਆਂ ਨੂੰ ਮਾਰਨ ਦੀ ਸਾਜ਼ਸ਼ ਰਚਣ ਦਾ ਦੋਸ਼ ਹੈ। 14 ਫਰਵਰੀ ਨੂੰ ਇਸ ਸਬੰਧ ਵਿਚ ਸ਼ਾਹਬਾਦ ਵਿਖੇ ਇਕ ਐਫ. ਆਈ. ਆਰ. ਵੀ ਦਾਖਲ ਕਰਾਈ ਗਈ। ਉਸ ਸਮੇਂ ਤਿੰਨ ਸ਼ੱਕੀ ਦਹਿਸ਼ਤਪਸੰਦਾਂ - ਲਖਬੀਰ ਸਿੰਘ, ਉਰਫ ਲੱਖਾ, ਦਲਬੀਰ ਸਿੰਘ ਅਤੇ ਲਖਬੀਰ ਸਿੰਘ ਉਰਫ ਬਿੱਲਾ ਉਰਫ ਬਲਵਿੰਦਰ ਸਿੰਘ ਨੂੰ ਸ਼ਾਹਬਾਦ ਵਿਖੇ ਇਕ ਧਾਰਮਿਕ ਸਥਾਨ ਤੋਂ ਫੜਿਆ ਗਿਆ। ਤਿੰਨਾ ਦਹਿਸ਼ਤਪਸੰਦਾਂ ਨੇ ਪੁੱਛਗਿਛ ਦੌਰਾਨ ਮੰਨਿਆ ਕਿ ਉਨ੍ਹਾਂ ਨੂੰ ਭਾਈ ਗੁਰਦੇਵ ਸਿੰਘ ਨੇ ਹਰਿਆਣਾ ਵਿਚ ਮਹੱਤਵਪੂਰਨ ਵਿਅਕਤੀਆਂ ਨੂੰ ਮਾਰਨ ਲਈ ਭੇਜਿਆ ਸੀ। ਉਕਤ ਦਹਿਸ਼ਤਪਸੰਦਾਂ ਅਨੁਸਾਰ ਭਾਈ ਗੁਰਦੇਵ ਸਿੰਘ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਸ਼ਾਹਬਾਦ ਜਾਣ ਜਿਥੇਂ ਬਾਬਾ ਅਨੂਪ ਸਿੰਘ ਪਟਿਆਲਾ ਉਨ੍ਹਾਂ ਨੂੰ ਅਗਲੀਆਂ ਹਦਾਇਤਾਂ ਜਾਰੀ ਕਰਨਗੇ। ਪਰ ਉਨ੍ਹਾਂ ਨੂੰ ਹਦਾਇਤਾਂ ਲੈਣ ਤੋਂ ਪਹਿਲਾਂ ਹੀ ਗ੍ਰਿਫਤਾਰ ਕਰ ਲਿਆ ਗਿਆ।

# ਮੈਨੀਟੋਬਾ ਦੇ ਇਕ ਵਜ਼ੀਰ ਵਲੋਂ ਅਸਤੀਫ਼ਾ

ਵਿੰਨੀਪੈਗ — ਮੈਨੀਟੋਬਾ ਦੇ ਊਰਜਾ ਮੰਤਰੀ ਵਿਲਸਨ ਪਰਾਸੀਉਕ ਨੇ ਆਪਣਾ ਅਸਤੀਫਾ ਪ੍ਰੀਮੀਅਰ ਹਾਵਰਡ ਪੌਲੀ ਨੂੰ ਪੇਸ਼ ਕਰ ਦਿਤਾ ਹੈ। ਮੰਤਰੀ ਉਤੇ ਵਿੰਨੀਪੈਗ ਦੇ ਅਖਬਾਰ 'ਫ੍ਰੀ ਪ੍ਰੈਸ' ਨੇ ਦੋਸ਼ ਲਾਇਆ ਸੀ ਕਿ ਵਜ਼ੀਰ ਨੇ ਇਕ ਠੇਕਾ ਆਪਣੇ ਪੁਰਾਣੇ ਵਪਾਰ ਦੇ ਸਹਿਯੋਗੀ ਨੂੰ ਦੇ ਦਿਤਾ ਸੀ।

ਵਜ਼ੀਰ ਨੇ ਇਸ ਕੇਸ ਵਿਚ ਇਨਕੁਆਰੀ ਦੀ ਮੰਗ ਕੀਤੀ ਹੈ।

FRIENDS AUTO BODY & PAINTING LTD.

5605 BYRNE RD. BURNABY, B.C. Burnaby Auto Auction Building

PH. 430-4233



15 Years Exp



- I. C. B. C. JOB
- FREE ESTIMATES
- FREE COURTESY CAR
- RUST REPAIRS
- FIBRE GLASS OR CUT OUT WORK

YOU NEVER KNOW UNLESS YOU TRY

VISIT OR CALL

MR. GURU



# ਫ਼ਿਲਮ-ਲੋਰ



## ਆਸ਼ਾ ਸਚਦੇਵ ਡਿਗ ਕੇ ਸੰਭਲੀ



ਲੇਖਕ - ਨਿਰਮਾਤਾ ਤੇਜ਼ ਨਾਥ ਜ਼ਾਰ ਦੀ ਫਿਲਮ ਵਿਚ ਆਸ਼ਾ ਸਚਦੇਵ ਤੇ ਅਮਜਦ ਖਾਨ।

ਆਸ਼ਾ ਸੱਚਦੇਵ ਦੀਆਂ ਸਮਕਾਲੀ ਐਕਟਰੈਸਾਂ 'ਚੋਂ ਬਹੁਤੀਆਂ, ਸਮੇਂ ਦੀ ਧੂੜ ਵਿਚ ਦਬ ਗਈਆਂ। ਕੋਈ ਦੁਖੀ ਹੋ ਕੇ ਖੇਤਰ ਛੱਡ ਗਈ, ਕੋਈ ਸ਼ਾਦੀ ਰਚਾ ਕੇ ਘਰੇਲੂ ਔਰਤ ਬਣ ਗਈ, ਕਈਆਂ ਨੇ ਭਟਕਣ ਦਾ ਹਾਰ ਗਲ ਵਿਚ ਪਾ ਲਿਆ ਤੇ ਕਿਸੇ ਨੇ ਐਕਸਟਰਾ ਬਣਨ ਦਾ ਭਾਣਾ ਮੰਨ ਲਿਆ। ਭਾਵੇਂ ਆਸ਼ਾ ਸੱਚਦੇਵ ਖੁਦ ਦੇ ਬਾਰੇ ਸਾਫ ਕਹਿੰਦੀ ਹੈ ਕਿ ਵਕਤ ਨੇ ਵਫਾ ਨਹੀਂ ਕੀਤੀ, ਫਿਰ ਵੀ ਉਹ ਦੇ ਹੌਂਸਲੇ ਬੁਲੰਦ ਹਨ। ਉਹ ਨੂੰ ਆਪਣੀ ਕਲਾ — ਕੌਸ਼ਲਤਾ 'ਤੇ ਭਰੋਸਾ ਹੈ।

ਸਡੌਲ ਅੰਗਾਂ ਤੇ ਆਕਰਸ਼ਕ ਜਿਸਮ ਵਾਲੀ ਆਸ਼ਾ ਸਚਦੇਵ ਦੀ ਸ਼ੁਰੂਆਤ "ਬਿੰਦੀਆ ਔਰ ਬੰਦੂਕ" ਫਿਲਮ ਤੋਂ ਹੋਈ। ਇਹ ਫਿਲਮ ਕਮਾਈ ਕਰਨ 'ਚ ਸਫਲ ਰਹੀ ਪਰ ਗਰੇਡ ਪਖੋਂ ਇਹ "ਬੀ" ਸੀ ਤੇ ਇਉਂ ਆਸ਼ਾ ਸਚਦੇਵ ਉਪਰ "ਬੀ" ਗਰੇਡ ਦੀ ਮੋਹਰ ਲਗ ਗਈ। ਉਹ ਛਟਪਟਾਈ। ਉਸ ਨੂੰ ਇਕ ਦਮ ਪਛਤਾਵਾ ਹੋਣ ਲੱਗਾ ਕਿ ਕਿਉਂ ਨਾ ਹੋਰ ਉਡੀਕ ਕੀਤੀ ਤੇ "ਏ" ਗਰੇਡ ਰਾਹੀਂ ਸ਼ੁਰੂਆਤ ਕਿਉਂ ਨਾ ਕਰਵਾਈ।

ਫਿਰ ਉਚੇਚੇ ਯਤਨਾਂ ਨਾਲ ਆਸ਼ਾ ਸਚਦੇਵ ਨੇ ਵੱਡੇ ਬੈਨਰ ਮੋਹਨ ਸਹਿਗਲ ਦੀ ਫਿਲਮ "ਵੋ ਮੈਂ ਨਹੀਂ" ਨੂੰ ਪ੍ਰਾਪਤ ਕਰ ਲਿਆ। ਪਰ ਜਦ ਫਿਲਮ ਮੁਕੰਮਲ ਹੋਈ ਤਾਂ ਉਸ ਦੇ ਲੰਮੇ ਰੋਲ ਉਪਰ ਬੜੀ ਬੇਰਹਿਮੀ ਨਾਲ ਕੈਂਚੀ ਚੱਲ ਚੁੱਕੀ ਸੀ। ਕੀ ਹੋ ਸਕਦਾ ਸੀ। ਡੋਰ ਹੱਥੋਂ ਨਿਕਲ ਚੁੱਕੀ ਸੀ। ਫਿਰ ਵੀ "ਵੋ ਮੈਂ ਨਹੀਂ" ਵਿਚਲੀ ਉਹਦੀ ਛੋਟੀ ਭੂਮਿਕਾ ਨੇ ਉਹਦੇ ਅਭਿਨੈ ਦੀ ਗਵਾਹੀ ਭਰੀ। ਇਹ ਸਮਾਂ "ਮਲਟੀ - ਸਟਾਰ ਲਹਿਰ" ਦਾ ਸੀ ਜਿਸ ਵਿਚ ਕਹਿੰਦੀਆਂ - ਕਹਾਉਂਦੀਆਂ ਐਕਟਰੈਸਾਂ ਰੁਲ ਰਹੀਆਂ ਸਨ ਤੇ ਇਉਂ ਆਸ਼ਾ ਸਚਦੇਵ ਚਾਹੁਣ ਦੇ ਬਾਵਜੂਦ ਦੌੜ ਨਾ ਸਕੀ।

ਉਸ ਨੂੰ ਇਹ ਝੋਰਾ ਰਾਤ-ਦਿਨ ਖਾਈ ਜਾਵੇ ਕਿ ਫਿਲਮ ਇੰਸਟੀਚਿਊਟ 'ਚੋਂ ਕੀਤਾ ਡਿਪਲੋਮਾ ਵਿਅਰਥ ਜਾ ਰਿਹਾ ਹੈ। ਆਪਣੇ ਕਮਰੇ ਵਿਚ ਹੀ ਬੈਠੀ ਉਹ ਦਿਨ ਚੜ੍ਹਾ ਦਿੰਦੀ ਤੇ ਰਾਤ ਪਾ ਦਿੰਦੀ। ਸੁਸਤੀ ਤੇ ਉਦਾਸੀ ਦੇ "ਸਹੇਲਪੁਣੇ" ਨੇ ਉਹਦੇ ਚਿਹਰੇ 'ਤੇ ਪਿਲੱਤਣ ਲੈ ਆਂਦੀ ਸਰੀਰ ਬਲਬਲ ਕਰਨ ਲੱਗਾ। ਫਿਗਰ ਵਿਗੜ ਗਈ।....। ਆਪਣੇ ਸਵਾਲਾਂ ਦੇ ਜਵਾਬ ਆਪ ਹੀ ਸੋਚ ਕੇ ਉਸ ਨੇ ਮੁੜ ਅੰਗੜਾਈ ਭਰੀ। ਵਰਜ਼ਿਸ਼ 'ਤੇ ਜ਼ੋਰ ਦਿਤਾ। ਮਨ ਨੂੰ ਮੰਨਾ ਲਿਆ ਕਿ "ਸੈਕਿੰਡ ਵੂਮੈਨ" ਦੇ ਰੋਲ ਵੀ ਹੱਸ ਕੇ ਸਵੀਕਾਰ ਕੀਤੇ ਜਾਣ। "ਬਰਨਿੰਗ ਟਰੇਨ" ਵਿਚ ਆਸ਼ਾ ਸਚਦੇਵ ਨੇ ਸਿਰਫ ਮੁਜਰਾ ਕਰਨਾ ਸਵੀਕਾਰਿਆ। "ਸਰਦਾਰ", "ਕੁਆਰੀ ਬਹੂ", "ਕਰਮ ਯੁੱਧ", "ਪਿਆਸੀ ਆਂਖੇਂ", ਤੇ "ਪ੍ਰਿਯਤਮਾ" ਆਦਿ ਕੋਈ ਇਕ ਦਰਜਨ ਫਿਲਮਾਂ ਰਾਹੀਂ ਉਸ ਨੇ ਸਮੇਂ ਸਮੇਂ ਸਿਰ ਆਪਣੇ ਅੰਦਰਲੀ ਕਲਾਕਾਰਾ ਨੂੰ ਜੀਵਤ ਰੱਖਣ ਦਾ ਯਤਨ ਕੀਤਾ।

ਅੱਜ ਕੱਲ੍ਹ ਆਸ਼ਾ ਸਚਦੇਵ ਕੋਲ "ਸੈਕਿੰਡ ਲੀਡ" ਵਾਲੇ ਰੋਲਾਂ ਦੀਆਂ ਕਈ ਫਿਲਮਾਂ ਹਨ ਤੇ ਪੂਰਾ ਰੁਝੇਵਾਂ ਹੈ। ਉਹ ਅੱਗੇ ਵਧਣ ਲਈ ਯਤਨਸ਼ੀਲ ਹੈ ਪਰ ਆਪਣੀ ਮਾਨਸਿਕਤਾ ਨੂੰ ਸੰਤੁਲਤ ਰੱਖ ਕੇ, ਨਾ ਕਿ ਭਟਕਣ ਦਾ ਚੋਗਾ ਪਹਿਨ ਕੇ

ਫਿਲਮੀ ਲੋਕਾਂ ਦੇ ਸਵਾਰਥਪੁਣੇ 'ਤੇ ਟਿਪਣੀ ਕਰਦਿਆਂ ਆਸ਼ਾ ਸਚਦੇਵ ਦੱਸਦੀ ਹੈ ਕਿ ਜਿਹੜੇ ਦਿਨੀਂ ਸ਼ਤਰੂਘਨ ਸਿਨਹਾ ਖਲਨਾਇਕੀ ਛੱਡ ਕੇ ਹੀਰੋ ਬਣਨ ਦਾ ਇਛੁਕ ਸੀ, ਉਦੋਂ ਸ਼ਤਰੂ ਦੇ ਕਹਿਣ 'ਤੇ ਉਸ ਨੇ ਸ਼ਤਰੂ ਦੀ ਫਿਲਮ ਵਿਚ ਫਜ਼ੂਲ ਜਿਹੀ ਭੂਮਿਕਾ ਕਰਨੀ ਸਵੀਕਾਰ ਕਰ ਲਈ ਸਿਰਫ ਇਸ ਖਿਆਲ ਨਾਲ ਕਿ ਸ਼ਤਰੂ, ਉਸ ਦਾ ਇੰਸਟੀਚਿਊਟ ਵੇਲਿਆਂ ਦਾ ਪੁਰਾਣਾ ਦੋਸਤ ਹੈ, ਪਰ ਬਾਅਦ ਵਿਚ ਜਦੋਂ ਆਸ਼ਾ ਸਚਦੇਵ ਨੂੰ ਇੰਜ ਹੀ ਸ਼ਤਰੂਘਣ ਸਿਨਹਾ ਦੀ ਲੋੜ ਪਈ ਤਾਂ ਪਹਿਲਾਂ ਉਹ ਆਨਾ-ਕਾਨੀ ਕਰਦਾ ਰਿਹਾ ਤੇ ਫਿਰ ਕੋਰਾ ਜਵਾਬ ਦੇ ਦਿਤਾ।

## ਇਕ ਬਾਲ ਕਲਾਕਾਰ ਹੋਰ

ਜਿਵੇਂ ਜੂਨੀਅਰ ਮਹਿਮੂਦ ਨੇ ਛੋਟੀ ਉਮਰੇ "ਬ੍ਰਹਮਚਾਰੀ" ਫਿਲਮ ਵਿਚ ਸ਼ਮੀ ਕਪੂਰ ਤੇ ਰਾਜ ਸ਼੍ਰੀ ਨਾਲ ਤੇ ਮਾਸਟਰ ਜੁਗਲ ਹੰਸਰਾਜ ਨੇ "ਮਾਸੂਮ" ਫਿਲਮ 'ਚ ਨਸੀਰੁਦੀਨ ਸ਼ਾਹ ਅਤੇ ਸ਼ਬਾਨਾ ਆਜ਼ਮੀ ਨਾਲ ਸ਼ਾਨਦਾਰ ਭੂਮਿਕਾਵਾਂ ਨਿਭਾਈਆਂ ਸਨ ਉਸੇ ਤਰ੍ਹਾਂ "ਦੋਸ਼" ਫਿਲਮ ਵਿਚ ਸ਼ੋਮਾ ਆਨੰਦ ਤੇ ਰਾਜ ਕਿਰਨ ਦੇ ਨਾਲ ਲੰਮੇ ਰੋਲ 'ਚ ਇਕ ਬਾਲ- ਕਲਾਕਾਰ ਦਿਖਾਈ ਦੇਵੇਗਾ ਡੈਨੀ ਰਾਏ। ਇਸ ਫਿਲਮ ਦੀ ਸ਼ੂਟਿੰਗ ਮਈ ਦੇ ਅੰਤ ਤੇ ਜੂਨ ਦੇ ਸ਼ੁਰੂ ਦੇ ਦਿਨਾਂ 'ਚ ਬੰਬਈ ਵਿਖੇ ਹੋਵੇਗੀ।

ਡੈਨੀ ਰਾਏ ਤੇ ਉਸ ਦਾ ਪਰਿਵਾਰ ਕਨੇਡਾ 'ਚ ਵਸੇ ਭਾਰਤੀ ਹਨ। ਆਪਣੇ ਬਾਪ ਦਿਲਬਾਗ ਦਾ ਉਹ ਇਕਲੌਤਾ ਲੜਕਾ ਹੈ ਤੇ ਤਿੰਨਾਂ ਭੈਣਾਂ ਦਾ ਇਕ ਭਰਾ। ਇਸ ਵੇਲੇ ਉਹਦੀ ਉਮਰ ਦਸ ਸਾਲ ਹੈ। ਘਰਦਿਆਂ ਨੇ ਜਦੋਂ ਡੈਨੀ ਰਾਏ ਨੂੰ ਬੰਦ ਕਮਰੇ 'ਚ ਅਮਿਤਾਬ ਬਚਨ ਦੇ ਗੀਤਾਂ ਤੇ ਨਾਚਾਂ ਦੀ ਨਕਲ ਕਰਦਿਆਂ ਤੱਕਿਆ ਤਾਂ ਉਹ ਹੈਰਾਨ ਹੋਏ ਤੇ ਫੇਰ ਖੁਸ਼। ਦਿਨਾਂ ਤੇ ਹਫਤਿਆਂ ਅੰਦਰ, ਕਨੇਡਾ ਦੇ ਭਾਰਤੀਆਂ ਵਲੋਂ ਕਰਵਾਏ ਜਾਂਦੇ ਸਭਿਆਚਾਰਕ ਪਰੋਗਰਾਮਾਂ ਵਿਚ ਡੈਨੀ ਰਾਏ ਦੀਆਂ ਆਈਟਮਾਂ ਦੀ ਸ਼ਲਾਘਾ ਹੋਣ ਲੱਗੀ। ਨਵੰਬਰ 3, 1984 ਨੂੰ "ਸਾਊਂਡਜ਼ ਆਫ ਏਸ਼ੀਆ" ਰਾਹੀਂ ਡੈਨੀ ਰਾਏ ਦਾ ਡਾਂਸ ਲੋਕਾਂ ਨੇ ਵੇਖਿਆ ਤੇ

ਬਾਕੀ ਪੰਨਾ 20 ਉਤੇ




ਪਾਇਲ ਸਾੜ੍ਹੀ ਸੈਂਟਰ(1985) ਇੰਨਕ.
ਸਰੀ-ਡੈਲਟਾ ਦੇ ਪੰਜਾਬੀ ਬਾਜ਼ਾਰ ਵਿਚੋਂ :

- ਦਾਜ ਵਰੀ ਦਾ ਸਮਾਨ
- ਵਾਜ਼ਬ ਕੀਮਤ
- ਵੰਨ-ਸੁਵੰਨੇ ਡੀਜ਼ਾਈਨ
- ਲੇਟੈਸਟ ਵਰਾਇਟੀ

ਲੈਣ ਲਈ ਹਮੇਸ਼ਾਂ ਪਾਇਲ ਸਾੜ੍ਹੀ ਸੈਂਟਰ ਦਾ ਨਾਂ ਚੇਤੇ ਰੱਖੋ

ਇੰਡੀਆ ਤੋਂ ਕੱਪੜਿਆਂ ਦੀ ਨਵੀਂ ਸ਼ਿਪਮੈਂਟ ਆ ਰਹੀ ਹੈ ਜਿਸ ਵਿਚ ਨਵੇਂ ਨਵੇਂ ਡੀਜ਼ਾਈਨਾਂ ਵਿਚ ਸੂਟ ਸਾੜ੍ਹੀਆਂ ਦੁਪੱਟੇ ਵੰਗਾਂ ਆਦਿ ਮਿਲਣਗੀਆਂ ਵਿਆਹ ਸ਼ਾਦੀਆਂ ਲਈ ਹਰ ਕਿਸਮ ਦੀ ਵਰਾਇਟੀ ਮਿਲੇਗੀ

9277 - 120 ਸਟਰੀਟ (ਸਕਾਟ ਰੋਡ) ਡੈਲਟਾ, ਬੀ. ਸੀ.
ਫ਼ੋਨ : 584-6011

ਪੰਨਾ 19 ਦੀ ਬਾਕੀ ,

ਅਗਲੇ ਸਾਲ "ਸਾਊਂਡਜ਼ ਆਫ ਈਸਟ" ਦੇ ਚੋਣਵੇਂ ਪਰੋਗਰਾਮਾਂ ਵਿਚ ਉਸ ਨੂੰ ਚੁਣਿਆ ਗਿਆ। ਇਸੇ ਦੌਰਾਨ ਭਾਰਤੀ ਫਿਲਮ ਡਾਇਰੈਕਟਰ ਬੀ. ਆਰ.



ਬਾਲ ਕਲਾਕਾਰ ਡੈਨੀ ਰਾਏ ਦੇ ਦੋ ਰੂਪ ।

ਇਸ਼ਾਰਾ ਕਨੇਡਾ ਦੌਰੇ 'ਤੇ ਗਿਆ। ਡੈਨੀ ਦੀ ਸਟੇਜ ਪਰਫਾਰਮੈਂਸ ਤੋਂ ਪ੍ਰਭਾਵਤ ਹੋ ਕੇ ਇਸ਼ਾਰਾ ਨੇ ਉਸ ਨੂੰ ਫਿਲਮ "ਬੇਸਹਾਰਾ" ਵਿਚ ਲੈ ਲਿਆ ਪਰ ਇਹ ਰੋਲ ਛੋਟਾ ਸੀ। ਡੈਨੀ ਅੱਜ ਕੱਲ੍ਹ ਬਰਾਂਪਟਨ ਦੇ ਕਿੰਗਜ਼ਵੁੱਡ ਡਰਾਈਵ ਪਬਲਿਕ ਸਕੂਲ ਵਿਖੇ 3 ਗਰੇਡ ਦਾ ਵਿਦਿਆਰਥੀ ਹੈ। ਉਸ ਦੇ ਜਮਾਤੀਆਂ ਨੇ "ਦੋਸ਼" ਫਿਲਮ ਦੇ ਇਕ ਪੋਸਟਰ ਨੂੰ ਕਲਾਸ ਰੂਮ ਦੀ ਕੰਧ 'ਤੇ ਚਿਪਕਾਇਆ ਹੋਇਆ ਹੈ ਜਿਸ ਵਿਚ ਸ਼ੋਮਾ ਆਨੰਦ ਤੇ ਰਾਜ ਕਿਰਨ ਦੇ ਨਾਲ ਡੈਨੀ ਰਾਏ ਦਾ ਹੱਸੂੰਹੱਸੂ ਕਰਦਾ ਚਿਹਰਾ ਵੀ ਦਿਖਾਈ ਦਿੰਦਾ ਹੈ। ਪੋਸਟਰ ਦੀ ਕੈਪਸ਼ਨ ਹੈ: "ਮੀਟ ਅਵਰ ਮੂਵੀ ਸਟਾਰ।"

## ਦੁੰਮ-ਛੱਲਾ

ਸਾਇਰਾ ਬਾਨੋ ਨੇ ਜਦੋਂ ਭਰ ਜਵਾਨੀ ਵਿਚ ਅਧਖੜ ਉਮਰ ਦੇ ਦਲੀਪ ਕੁਮਾਰ ਨਾਲ ਵਿਆਹ ਕਰਾਇਆ ਸੀ ਤਾਂ ਬੜੀ ਖਟ-ਮਿਠੀ ਚਰਚਾ ਛਿੜੀ ਸੀ। ਇਕ ਮਨਚਲੇ ਨੇ ਗੁੱਝਾ ਵਿਅੰਗ ਕਸਦਿਆਂ ਕਿਹਾ ਸੀ, "ਸਾਇਰਾ ਬਾਨੋ ਨੂੰ ਬਚਪਨ ਤੋਂ ਹੀ ਪੁਰਾਤਨ ਵਸਤਾਂ ਸਾਂਭਣ ਦਾ ਕਾਫੀ ਸ਼ੌਕ ਰਿਹੈ ....।"

# ਜਲ ਟ੍ਰਿਬਿਊਨਲ ਦੀ ਸੁਣਵਾਈ 26 ਮਈ ਤੱਕ ਮੁਲਤਵੀ

ਨਵੀਂ ਦਿੱਲੀ — ਰਾਵੀ ਅਤੇ ਬਿਆਸ ਦੇ ਪਾਣੀਆਂ ਦੀ ਵੰਡ ਬਾਰੇ ਕਾਇਮ ਕੀਤੇ ਗਏ ਟ੍ਰਿਬਿਊਨਲ ਦੀ ਇਥੇ ਮੀਟਿੰਗ ਹੋਈ। ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਵਕੀਲਾਂ ਦੀਆਂ ਦਲੀਲਾਂ ਦੀ ਸੁਣਵਾਈ ਪਿਛੋਂ ਸੁਣਵਾਈ 26 ਮਈ ਤੱਕ ਮੁਲਤਵੀ ਕਰ ਦਿੱਤੀ ਗਈ। ਟ੍ਰਿਬਿਊਨਲਾਂ ਨੇ ਤਿੰਨਾ ਧਿਰਾਂ ਨੂੰ 24 ਮਈ ਤਕ ਲਈ ਦਾਅਵੇ ਅਤੇ ਜਵਾਬੀ ਦਾਅਵੇ ਦਾਇਰ ਕਰਨ ਲਈ ਕਿਹਾ ਕਮਿਸ਼ਨ ਨੇ ਕਿਹਾ ਕਿ 1.7.85 ਨੂੰ ਇਹ ਰਾਜ ਜਿੰਨਾ ਪਾਣੀ ਵਰਤਦੇ ਸਨ ਉਹ ਵਰਤਦੇ ਰਹਿਣਗੇ ਅਤੇ ਪਾਣੀ ਦੀ ਵਰਤੋਂ ਬਾਰੇ ਦਾਅਵਿਆਂ ਦੀ ਪੁਸ਼ਟੀ ਇਸ ਟ੍ਰਿਬਿਊਨਲ ਵਲੋਂ ਕੀਤੀ ਜਾਵੇਗੀ।

# ਮੰਤਰੀਆਂ ਨੂੰ ਕਮਰੇ ਮਿਲ ਗਏ

ਚੰਡੀਗੜ੍ਹ — ਪੰਜਾਬ ਮੰਤਰੀ ਮੰਡਲ ਦੇ ਨਵੇਂ ਵਜ਼ੀਰਾਂ ਨੂੰ ਸਿਵਲ ਸਕੱਤਰੇਤ ਵਿਚ ਕਮਰੇ ਦੇਣ ਦਾ ਕੰਮ ਮੁਕੰਮਲ ਹੋ ਗਿਆ ਹੈ। ਉਨ੍ਹਾਂ ਨੂੰ ਸਕੱਤਰੇਤ ਵਿਚ ਥਾਂ ਦੇਣ ਲਈ ਵੱਖ ਵੱਖ ਵਿਭਾਗਾਂ ਦੇ ਅੱਠ ਸਕੱਤਰਾਂ ਅਤੇ ਚਾਰ ਹੈਲਥ ਬਰਾਂਚਾਂ ਨੂੰ ਸਕੱਤਰੇਤ ਤੋਂ ਬਾਹਰ ਜਾਣਾ ਪਿਆ ਹੈ। ਸਰਕਾਰੀ ਸੂਤਰਾਂ ਅਨੁਸਾਰ ਨਵੇਂ ਵਜ਼ੀਰ ਅਤੇ ਉਨ੍ਹਾਂ ਦੇ ਅਮਲੇ ਲਈ ਵੀਹ ਕਮਰੇ ਖਾਲੀ ਕਰਾਏ ਗਏ ਹਨ। ਪ੍ਰਸ਼ਾਸਨ ਨੇ ਵਜ਼ਾਰਤ ਵਿਚ ਵਾਧੇ ਨੂੰ ਮੁੱਖ ਰੱਖ ਕੇ ਪੰਜ ਕਮਰੇ ਤਾਂ ਪਹਿਲਾਂ ਹੀ ਤਿਆਰ ਕੀਤੇ ਹੋਏ ਸਨ। ਪ੍ਰੰਤੂ ਪ੍ਰਸ਼ਾਸਨ ਨੂੰ ਇਹ ਉਮੀਦ ਨਹੀਂ ਸੀ ਕਿ ਹੋਰ ਵੀਹ ਕਮਰੇ ਖਾਲੀ ਕਰਾਉਣੇ ਪੈਣਗੇ। ਇਸੇ ਦੌਰਾਨ ਬਹੁਤੇ ਮੰਤਰੀਆਂ ਨੇ ਆਪਣੇ ਕਮਰੇ ਸੰਭਾਲ ਲਏ ਹਨ, ਜਦੋਂ ਕਿ ਕੁਝ ਮੰਤਰੀਆਂ ਦੇ ਕਮਰੇ ਅਜੇ ਤਿਆਰੀ ਅਧੀਨ ਹਨ। ਮੰਤਰੀਆਂ ਦੀ ਰਿਹਾਇਸ਼ ਨੂੰ ਮੁੱਖ ਰੱਖ ਕੇ ਪ੍ਰਸ਼ਾਸਨ ਨੇ ਕਿਰਾਏ ਵਿਚ ਵਾਧਾ ਕਰਨ ਦਾ ਪ੍ਰਸਤਾਵ ਵੀ ਰੱਖਿਆ ਹੈ।

## ਮੈਟਰੀਮੋਨੀਅਲ

**ਇਕ 20-ਸਾਲਾ ਲੜਕੀ ਲਈ ਵਰ ਦੀ ਲੋੜ ਹੈ।**

**ਲੜਕੀ ਦਾ ਕੱਦ 5 ਫੁੱਟ 6 ਇੰਚ ਹੈ। ਉਸਨੇ ਭਾਰਤ ਤੋਂ ਪ੍ਰੀ-ਮੈਡੀਕਲ ਪਾਸ ਕੀਤੀ ਹੋਈ ਹੈ ਅਤੇ ਹੁਣ ਵੈਨਕੂਵਰ ਵਿਚ ਹੋਟਲ ਮੈਨੇਜਮੈਂਟ ਤੇ ਟੂਰਇਜ਼ਮ ਦਾ ਕੋਰਸ ਕਰ ਰਹੀ ਹੈ। ਨਾਲ ਕੰਮ ਵੀ ਕਰਦੀ ਹੈ।**

**ਉਸੇ ਪ੍ਰਵਾਰ ਦੇ ਇਕ 22-ਸਾਲਾ ਲੜਕੇ ਲਈ ਕੰਨਿਆ ਦੀ ਲੋੜ ਹੈ। ਲੜਕੇ ਦਾ ਕੱਦ 5 ਫੁੱਟ 8 ਇੰਚ ਹੈ। ਅਤੇ ਬੀ. ਕਾਮ ਪਾਸ ਕੀਤੀ ਹੋਈ ਹੈ। ਇਸ ਸਮੇਂ ਵੈਨਕੂਵਰ ਵਿਚ ਹੀ ਕੰਮ ਤੇ ਲੱਗਾ ਹੋਇਆ ਹੈ। ਨਾਲ ਹੀ ਹੋਟਲ ਮੈਨੇਜਮੈਂਟ ਦਾ ਕੋਰਸ ਕਰ ਰਿਹਾ ਹੈ। ਇੰਮੀਗਰੈਂਟ ਜਾਂ ਕੈਨੇਡੀਅਨ ਖਤੋ-ਖਿਤਾਬਤ ਕਰਨ। ਲੜਕੀ ਤੇ ਲੜਕਾ ਸਿੱਖ ਪ੍ਰਵਾਰ ਨਾਲ ਸਬੰਧਤ ਹਨ। ਖਤ ਲਿਖੋ :**

**A S C**
**C/0 Canada Darpan**
**Box 67344 Stn. 0**
**Vancouver, B.C. V5W 3T1**


## ਲੋੜ ਹੈ !

ਹਾਊਸਕੀਪਰਾਂ ਦੀ ਸਾਨੂੰ ਲੋੜ ਹੈ। ਰਿਹਾਇਸ ਦਾ ਪ੍ਰਬੰਧ ਵੀ ਹੋ ਸਕਦਾ ਹੈ ਜਾਂ ਜੇ ਕੋਈ ਬਾਹਰ ਰਹਿਣਾ ਚਾਹੇ ਤਾਂ ਵੀ ਸਰ ਸਕਦਾ ਹੈ। ਬੱਚਿਆਂ ਦੀ ਦੇਖਭਾਲ ਲਈ ਬੇਬੀ ਸਿਟਰਾਂ ਦੀ ਵੀ ਲੋੜ ਹੈ। ਹੋਰ ਜਾਣਕਾਰੀ ਲਈ ਫ਼ੋਨ ਕਰੋ ਜਾਂ ਹੇਠ ਲਿਖੇ ਪਤੇ ਉਤੇ ਲਿਖੋ :

**Jewel Home Makers**
**216 E. 50th Ave.(Main & 50th)**
**Vancouver, B.C.**
**PH. 325-0220 or 325-9610**


## ਦੋ ਕੰਨਿਆਵਾਂ ਦੀ ਲੋੜ ਹੈ

ਇਕ ਲੜਕਾ ਮਸ਼ੀਨਿਸਟ ਇੰਡੀਆ ਵਿਚ ਹੈ, ਦੂਸਰਾ ਲੜਕਾ ਮਸ਼ੀਨਿਸਟ ਕੈਨੇਡਾ ਵਿਚ ਹੈ। ਰਾਮਗੜ੍ਹੀਆ ਸਿਖ ਪਰਿਵਾਰ ਗੱਲਬਾਤ ਲਈ ਫੋਨ ਜਾਂ ਚਿੱਠੀ ਪੱਤਰ ਕਰਨ :

**519-735-5460**
**G. Sehmbi**
**2929 Forest Glade Dr.**
**Windsor ONT. N8R 1L4**

## ਕੰਨਿਆ ਦੀ ਲੋੜ

25 ਸਾਲਾ ਟਾਂਕ ਕਸ਼ੱਤਰੀ ਨੌਜਵਾਨ ਜੋ ਕਿ ਪਿਛਲੇ ਪੰਜ ਸਾਲਾਂ ਤੋਂ ਕੈਨੇਡਾ ਵਿਚ ਰਹਿ ਰਿਹਾ ਹੈ, ਲੜਕਾ H/Sc. ਪਾਸ ਹੈ, ਕੰਮ ਦੇ ਲੱਗਾ ਹੋਇਆ ਹੈ, ਖੂਬਸੂਰਤ ਹੈ ਲਈ 18 ਤੋਂ 24 ਸਾਲ ਤੱਕ ਦੀ Çanadian Immigrant ਜਾਂ ਕਨੇਡੀਅਨ ਸਿਟੀਜਨ ਲੜਕੀ ਦੀ ਲੋੜ ਹੈ। ਵਿਆਹ ਸਾਦਾ ਤੇ ਜਲਦੀ, ਪੱਤਰ ਵਿਹਾਰ ਲਈ ਲਿਖੋ :—

A.S.
C/o Canada Darpan
P.O.BOX 67344 Stn O
Vancouver, B.C. V5W 3T1


ਆਪਣੇ ਵਪਾਰ ਵਿਚ ਵਾਧਾ ਕਰਨ ਲਈ ਇਕੋ ਇਕ ਨਾਂ ਯਾਦ ਰੱਖੋ 'ਕੈਨੇਡਾ ਦਰਪਣ'

ਫੋਨ : 581-4473



# FLEXIBLE PREMIUM LIFE INSURANCE TAILOR-MADE

To your needs which you can afford.

TOGETHER WE ARE STRONGER

NORTH AMERICAN LIFE

INSURANCE FOR

- **Personal**
- **Children**
- **Mortgage**
- **RRSP**
- **Group Insuranc & Annuities**

ਆਪਣੀਆਂ ਇੰਨਸ਼ੋਰੈਂਸ ਲੋੜਾਂ ਲਈ ਕਨਟੈਕਟ ਕਰੋ:

ਰਾਜ ਸਿੰਘ ਮਾਨ

- ਲਾਈਫ ਇੰਨਸੋਰੈਂਸ
- ਗਰੁਪ ਇੰਨਸ਼ੋਰੈਂਸ਼
- ਮਾਰਗੇਜ ਇੰਨਸ਼ੋਰੈਂਸ
- ਬੱਚਿਆਂ ਦੀ ਪੜ੍ਹਾਈ ਦੀ ਇਨਸ਼ੋਰੈਂਸ

ਤੁਹਾਨੂੰ ਚਾਰ ਸਾਲ ਤੋਂ ਵੱਧ ਪੈਸੇ ਦੇਣ ਦੀ ਲੋੜ ਨਹੀਂ

1507 - 330 Portage Avenue
Winnipeg, Manitoba R3C 0C4
Bus. 943-1526

NORTH AMERICAN LIFE
ASSURANCE CO.



**Raj Singh Mann**



# NON-SMOKERS & SMOKERS

TOGETHER WE ARE STRONGER

NORTH AMERICAN LIFE

## Permanent & Terms Plan

- Life and Group Insurance
- Retirement & Pension Plans
- Company Pension and Health Benefit Plans
- Estate Protection
- Business & Mortgage Insurance

**Ph. 685-9335**



**SUDESH KALIA**

# PUNJAB CRISIS - Punjab On Its Knees

(ਇਹ ਪੁਸਤਕ ਅੰਗਰੇਜ਼ੀ ਵਿਚ ਸੈਂਟਰ ਫਾਰ ਰੀਸਰਚ ਇਨ ਰੂਰਲ ਐਂਡ ਡੀਵੈਲਮੈਂਟ, ਚੰਡੀਗੜ੍ਹ ਵਲੋਂ ਛਾਪੀ ਗਈ ਹੈ। ਇਸ ਵਿਚ ਪੰਜਾਬ ਵਿਚ ਹਿੰਦੂ ਅਤੇ ਸਿੱਖ ਫਿਰਕਾਪ੍ਰਸਤੀ ਦੇ ਕਾਰਨਾਂ ਦਾ ਗੰਭੀਰ ਵਿਸ਼ਲੇਸ਼ਣ ਹੈ। ਅਸੀਂ ਗੰਭੀਰ ਪਾਠਕਾਂ ਲਈ ਇਸਦੇ ਕੁਝ ਅੰਸ਼ ਛਾਪਣ ਦੀ ਖੁਸ਼ੀ ਲੈ ਰਹੇ ਹਾਂ ਤਾਂਕਿ ਉਹ ਪੰਜਾਬ ਮਸਲੇ ਨੂੰ ਗੰਭੀਰਤਾ ਨਾਲ ਸਮਝ ਸਕਣ — ਸੰਪਾਦਕ)

## Political Groupings

The political assertion of a considerable section of rich Jat peasantry found expression through the Akali Dal in politics. The Bhapa Sikhs, Mazabis, Rais, Cheembas and Ramgarhia Sikhs did not actively support the Akali Dal. Constant emphasis by disgruntled sections of the Sikh traders, intelligentsia and manufacturers that the rural Jat Sikhs control political power led the urban Sikh traders, supposedly a deprived group, to question the legitimacy of the dominant group. From 1966 to 1980 the Akali leadership opposed the extremists and accommodated the religious fundamentalist tendencies to strengthen their own economic and political hold on the State. The Akali Dal mobilised its support base without challenging the existing constitutional arrangements. The main support to the Akalis came from the districts of Amritsar, Kapurthala, Rupnagar, Ludhiana, Faridkot, Bhatinda, Sangrur and Patiala, where they could secure more than 25 per cent of the total valid votes in the 1980 election.

As mentioned earlier, in these districts the Jat Sikhs population is more than 50 per cent. Ferozpur, Gurdaspur and Ludhiana provided a competing support base to the Congress and the Akali Dal. It was during this period that the Akalis formed four coalition Government with the support of other Opposition parties. Its main coalition partner was the Bharatiya Jan Sangh.

The United Front of five political parties, headed by Sant Fateh Singh, won 36 seats in 1967. The Jan Sangh won nine seats. A common programme was evolved, at Khanna, and the resolution adopted read:

Whereas we stand for amity and goodwill among all sections of Punjabis irrespective of caste or creed, and promise to take steps to strengthen the new state of Punjab economically and politically, we resolve to oppose all separatist trends and moves aimed at weakening the unity and integrity of the country.

This common programme also included exemption from land revenue for holdings up to five acres, tax relief in the urban areas, etc. The main motivation for the Jan Sangh joining hands with the Akalis was to try to oust the Congress from power. Another motivation was that this would help in subsuming disintegrating tendencies.

The communalist Hindus in Punjab strongly criticised the Jan Sangh leadership for betraying the cause of Hindi. This forced its leadership to demand that Hindi should be given the same status as before the reorganisation of the State. A Cabinet subcommittee which was appointed left the matter to Sant Fateh Singh and Yagya Dutt Sharma to evolve a compromise formula on the status to be accorded to Punjabi and Hindi. However, no decision was reached since the Ministry fell due to the defection of Lachman Singh Gill.

The second coalition with the Jan Sangh was formed after the midterm elections of February, 1969, in which the Akali Dal won 43 seats and the Jan Sangh eight seats. This adjustment by both political groups could not last long because a strong group emerged within the Akali Dal and among certain communal Hindus groups, which opposed this alliance. The Chandigarh and Jan Sangh reached an agreement on maintaining the status quo in the Government-aided private schools with regard to the medium of instruction. Punjabi would be the first compulsory language (from the 4th class) and English the third compulsory language (from the 6th class).

The Jan Sangh withdrew from the coalition under the Chief Ministership of Sardar Parkash Singh Badal in June, 1970, on the question of the jurisdiction of Guru Nanak Dev University. However, the main difference between the Akalis and the Jan Sangh was on the issues of State autonomy and the transfer of certain Punjabi speaking territories to Punjab. The fourth coalition was formed in 1977. It also included sections other than the erstwhile Jan Singh.

These four Akali-Jan Sangh coalitions significantly helped them

i) in containing the demand of extremist sections in the Akali Dal and in various Hindu Sangathans, which might have furthered suspicion and hatred between two communal groups. For example, Sant Fateh Singh, in September, 1968, opposed the Sikh homeland demand and affirmed his faith in unity at Batala, but at the same time the autonomy resolution, which demanded that more power should be given to the States, was passed. It would be wrong to conclude from this that when two opposing communalists join hands they can counter extremist sections of the communalists. No doubt it is possible to contain such elements, but such a path or proposition would be dangerous from the point of view of fighting communalism and disintegrative tendencies as it simultaneously allows communalists to strengthen communal ideology and politics. As explained earlier, the secessionistcommunalists derive their strength from conformist-communalists. It is the continuous propagation of elements of communalism by these parties, i.e. the Akali Dal and the Jan Sangh, which in the long run strengthens these and other similar tendencies.

ii) In posing a serious challenge to one-party dominance of the Congress in Indian politics;

iii) in promoting and cementing the communal identities of the Hindus and the Sikhs and thereby using them for their narrow political gains;

iv) in providing a continuity to the politics of accommodation in the resolution of conflicts, pursued by the Congress in the pre-reorganisation period.

These coalitions were failures as they were founded on the arithmetics of politics with the sole aim of capturing power. The coalitions were possible because the social constituency of the Akali Dal and Jan Sangh were quite distinct-the Akalis could muster the support of some peasants and traders, whereas the Sanghis had a section of traders, merchant manufacturers, and people in white-collared jobs supporting them. The expectations aroused in the ranks of these coalition partners—of realizing separate goals—and the non-fulfilment of communal demands led to frustration in their ranks and caused the failure of the coalitions. The coalitions were a marriage of expedient circumstances for the leadership, while their ranks, which were the victims of communal ideology, held each other in deep suspicion.

The self-proclamied "leaders" of both communalist Sikhs and communalist Hindu kept on playing on the apprehensions, prejudices and fears of their co-religionists. This influenced the reactions of the Hindus and the Sikhs to the territorial integrity of Punjab and to such demands as the inclusion of Chandigarh and other Punjab-speaking areas into Punjab, greater allocation of water resources and State autonomy. The communalists Sikhs actively and vociferously advocate and agitate in favour of these demands which they tend to project as the demands of the Sikhs only. The self-proclaimed leadership of the

(contd. next page)

'ਕੈਨੇਡਾ ਦਰਪਣ' ਦੇ
ਚੰਦੇ ਦਾ ਫਾਰਮ

### SUBSCRIPTION FORM

To

**The Canada Darpan**
**P.O.BOX 265**
**Surrey, B.C.**
**Canada, V3T 4W8**
**Ph. 581-4473**

I am enclosing a ☐ cheque ☐ M.O. ☐ Draft as my Subscription for the year(s)....... I may be sent the newspaper at the following address :

Name.........................................................
Address.....................................................
City............................................................
Province....................................................
Postal code................................................
PHONE.

| | |
|---|---|
| One Year | 25 dollars |
| Two Year | 45 dollars |
| Three year | 65 dollars |
| Life membership | 300 dollars |
| ASIA | 100 dollars[a year] |
| U.S.A. | 30 dollars [a year] |
| Europe | 100 dollars[a year] |
| Africa | 100 dollars [a year] |


# MALKIT PARMAR

ROYAL LePAGE REAL ESTATE SERVICES

ਘਰ ਦੀ ਕੀਮਤ ਪਵਾਉਣ ਲਈ ਸਾਡੀ ਕੰਪਨੀ ਰਾਹੀਂ ਘਰ ਖਰੀਦਣਾ ਜਾਂ ਵੇਚਣਾ ਆਸਾਨ ਹੈ ਕਿਉਂਕਿ ਮਾਰਗੇਜ਼ ਦਾ ਪ੍ਰਬੰਧ ਵੀ ਕੰਪਨੀ ਦੁਆਰਾ ਕੀਤਾ ਜਾਂਦਾ ਹੈ।

ਹਰ ਤਰ੍ਹਾਂ ਦੀ ਜਾਇਦਾਦ ਖਰੀਦਣ ਜਾਂ ਵੇਚਣ ਲਈ ਮਲਕੀਤ ਪਰਮਾਰ ਨੂੰ ਮਿਲੋ ਜਾਂ ਫੋਨ ਕਰੋ :



**Bus: (604) 590-1321 Res: 589-2650**

**8699 - 120th St., North Delta, B.C.**

(contd. from page 22)

Hindus does not actively participate and mobilise people on these demands.

Individuals within the Congress also used communalism in an opportunistic manner. Therefore, a distinction has to be drawn between the use of communalism by the Akali Dal and the RSS and that by the Congress(I). In 1972 Giani Zail Singh became Chief Minister of Punjab and pioneered the policy of "fighting" communalism on its own grounds with its own weapons. Though it did keep the Akalis and the Jan Sangh at play, it had disastrous consequences on religious group relationships. The policy of appeasement of communalists strengthened the communal forces and isolated the secular elements. Giani Zail Singh strategically mobilised the second rank leadership and extremists in these groups to suit his narrow, personal, political interests. He did prove to be successful as a politician, but at the cost of too high a price to be paid by the generations to come.

Later, in 1980 with the coming of Sardar Darbara Singh as Chief Minister of Punjab, there was a shift in the Congress policies of appeasement of extremists to one of confrontation with both extremists and the Akali moderates. This sharpened factionalism within the Congress. One faction, though in a minority, with allegiance to Giani Zail Singh, kept on advocating the politics of accommodation rather than confrontation. Sardar Darbara Singh, in spite of his committment to secular politics, could not reverse the process of communalisation as his own bandwagon was full of opportunistic and communal elements and everyone was stranded in a corrupt political milieu. It was difficult for any individual to fight well-entrenced communalism without organised and concerted efforts.

The logic of the politics that had developed in Punjab led a large number of Hindu leaders in the Congress(I) to take a Hindu communal—the so-called pro-Hindu—posture. A study of the various demonstrations and protests by fanatic Hindus showed that they were spearheaded by local Congressmen. This gave a sense of security not only to communal Punjabi Hindus but also to those settled in other parts of the Hindi belt. On the other hand, it may be of some significance with regard to its implications for future developments in Punjab that the B.J.P. and the Akali Dal may come closer if the extremist activities continue unabated and no solution is found to the demands of the Akali Dal moderates. The Akali leadership launched a "Dharama Yudh" (religious war) against the "wrongful" distribution of river waters and for the implementation of the Anandpur Sahib Resolution, etc. Activities ranging from concerted efforts for finding solutions through negotiation to assassinations and killings from the crucial components of the present scenario. The call to obstruct the digging of the Sutlej-Yamuna link canal on April 8, 1982, followed by calls for "Rasta Roko" (stop road transport, April 4, 1983) "Rail Roko" (stop trains, June 17, 1983) "Kam Roko" (stop work, August 29, 1983) formed the main tactics which were aimed at the consolidation of the Akalis' ranks and also at exerting pressure on the Government. The Akali Dal(L) used this situation to articulate the political and economic demands of the rich and middle farmers on communal lines.

(tobe continued)

ਔਲੀਵਰ ਵਿਚ ਨਵਾਂ ਫਰੂਟ ਸਟੈਂਡ

**ਪਨੋਰਮਾ ਆਰਚਰਡ**

ਜਿਥੋਂ ਤੁਹਾਨੂੰ ਹਰ ਕਿਸਮ ਦੀਆਂ ਸਬਜ਼ੀਆਂ ਤੇ ਫਲ ਮਿਲ ਸਕਦੇ ਹਨ

ਹਿਦੁਸਤਾਨੀ ਗਰੌਸਰੀ ਵੀ ਮਿਲ ਸਕਦੀ ਹੈ — ਆਟਾ, ਖੰਡ, ਚਾਹ ਤੇ ਦਾਲਾਂ, — ਸਸਤੇ ਭਾਅ ਉਤੇ ਖਰੀਦੋ

**Panaroma Orchard**

**Fruit Stand**

**Vegetables, Fruit — Apples (Golden and Red), Mangoes, Oranges etc.**

**Panaroma Orchards**

RR2, 97 HWY.
OLIVER, B.C.

**PH. 498-3132**

ਆਪਣੇ ਵਪਾਰ ਵਿਚ ਵਾਧੇ ਲਈ 'ਕੈਨੇਡਾ ਦਰਪਣ'
ਨੂੰ ਫੋਨ ਕਰੋ :

581-4473

(ਦਫਤਰ ਦਾ ਸਮਾਂ 10.00 ਤੋਂ 5.30 ਵਜੇ ਤੱਕ)

**KAHLON IMPORT AUTO SERVICE**

**I.C.B.C. CLAIMS ACCEPTED**

11965-95th Ave. & Scott Road, Delta. Ph.:585-1242

**COMPLETE AUTOMOTIVE REPAIRS**




**FRONT DISC BRAKE**

**$65.50**



MUBARAK KAHLON
ਮੁਬਾਰਕ ਕਾਹਲੋਂ

*FRONT PADS INSTALATION
*FRONT WHEEL BEARING REPACK
*HYDRALLIC SYSTEM CHECKES
*RESURFACING FRONT ROTORS
*BREAK FLUID

ਹਰ ਕਿਸਮ ਦਾ ਮਕੈਨੀਕਲ
ਕੰਮ ਤਸੱਲੀ ਬਖ਼ਸ਼ ਕੀਤਾ ਜਾਂਦਾ ਹੈ

**ਕਾਹਲੋਂ ਇੰਮਪੋਰਟ ਔਟੋ ਸਰਵਿਸ**

11965-95 AVE. & SCOTT RD.
DELTA B.C.

**PH.:585-1242**

***THINKING OF BUYING or SELLING***

*(RESIDENTIAL, COMMERCIAL, FARMS & INDUSTRIAL)*

L/R

**Lake View Realty**

FREE Consultation for BUYING or SELLING
FREE Information on Financing
FREE Knowledge of your existing Mortgage
FREE EVALUATION of your property

*FOR FRIENDLY & EFFICIENT SERVICE*






**NIRMAL (NEIL) DHALIWAL**

**Bus: 588-9955 Res: 597-2069**

I know the signs of a good neighbourhood.

If your property is currently listed with a real estate broker, please disregard this offer. It is not our intention to solicit the offerings of other real estate brokers. We are happy to work with them and cooperate fully.

## ਅਧਿਆਪਕਾਂ ਦੀ ਹੱਤਿਆ ਦੀ ਨਿੰਦਾ

ਅਬੋਹਰ, (ਪੱਤਰ ਪ੍ਰੇਰਕ) - ਗੌਰਮਿੰਟ ਟੀਚਰਜ਼ ਯੂਨੀਅਨ ਬਲਾਕ ਖੂਈਆਂ ਸਰਵਰ ਦੀ ਮੀਟਿੰਗ ਬਲਾਕ ਪ੍ਰਧਾਨ ਮੇਜਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਗੁਰੂ ਕੀ ਵਡਾਲੀ ਵਿਖੇ ਹੋਏ ਤਿੰਨ ਅਧਿਆਪਕਾਂ ਦੇ ਕਤਲ ਤੇ ਗਹਿਰਾ ਦੁੱਖ ਪ੍ਰਗਟ ਕੀਤਾ ਗਿਆ ਤੇ ਬਰਨਾਲਾ ਸਰਕਾਰ ਤੋਂ ਮੰਗ ਕੀਤੀ ਕਿ ਕਾਤਲਾਂ ਨੂੰ ਤੁਰਤ ਗ੍ਰਿਫਤਾਰ ਕਰ ਕੇ ਸਖਤ ਸਜ਼ਾਵਾਂ ਦਿੱਤੀਆਂ ਜਾਣ ।

ਯੂਨੀਅਨ ਪ੍ਰਧਾਨ ਮੇਜਰ ਸਿੰਘ ਨੇ ਵੱਖਰੇ ਬਿਆਨ ਰਾਹੀਂ ਮੰਗ ਕੀਤੀ ਹੈ ਕਿ ਉਪਰੋਕਤ ਅਧਿਆਪਕਾਂ ਨੂੰ ਡਿਊਟੀ ਸਮੇਂ ਮਰਨ ਵਾਲੇ ਪੁਲੀਸ ਕਰਮਚਾਰੀਆਂ ਵਾਂਗ ਇਕ ਲੱਖ ਰੁਪਏ ਦੀ ਸਰਕਾਰੀ ਮਦਦ ਅਤੇ ਰਿਟਾਇਰਮੇਂਟ ਤਕ ਪੂਰੀ ਤਨਖਾਹ ਪੈਨਸ਼ਨ ਦੇ ਰੂਪ ਵਿਚ ਦਿੱਤੀ ਜਾਵੇ ।

# 39th Anniversary Sale

**THURSDAY 10-9 FRIDAY 10-9 SATURDAY 10-6 SUNDAY 12-5**

Colonial 3 Pc. full size living room suite. — 100% Nylon fabric —



Lifetime Warranty on frame. — Sofa, Love Seat and Rockor $879.95

Guarnteed Low Low Prices in B.C.

LOWEST PRICES GUARANTEED

## ROYAL FURNITURE LTD.

VISA

2607 MAIN STREET (at 10th. AVE.), VANCOUVER, B.C.

TEL. 874-9525

MasterCard

MASTER CARD VISA ACCEPTED

# MINT AUTO BODY LTD.

- Complete Professional Auto Body Repairs and Refinishing on all makes and models
- I.C.B.C. claims handled promptly
- Complete framework ■ UNI - BODY repairs
- All work conditionally guaranteed
- Free estimates ■ Courtesy cars

ਕਾਰਾਂ, ਵੈਨਾਂ ਅਤੇ ਪਿਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫ਼ੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ



ਭੁਪਿੰਦਰ ਸਹੋਤਾ

Bhupinder(Bob) Sihota



For further information call:

**Bhupinder(Bob) Sihota**

**Ph. 433-1207**

**Mint Auto Body Ltd.**

5590 Lane Street, BURNABY, B.C. V5H 2H5

